ੴ ਸਤਿਗੁਰ ਪ੍ਰਸਾਦਿ॥

# ਕੜਵਾ ਸੱਚ

## ਧਰਮ ਦੀ ਵਿਆਖਿਆ ਅਤੇ ਸੱਚ ਦਾ ਮਾਰਗ

## ਪਹਿਲੇ ਭਾਗ ਦਾ 30%



ਪ੍ਰਕਾਸ਼

**ਨਵ ਯੁਗ ਚੇਤਨਾ ਸਮਾਜ**

# ਲੁਕਵਾਂ ਸੱਚ

(ਬ੍ਰਿੱਛ)

ਧਰਤੀ ਦੇ ਹੇ ਤੰਗ ਦਿਲ ਲੋਕੋ,
ਨਾਲ ਅਸਾਂ ਕਿਉਂ ਲੜਦੇ,
ਚੌੜੇ ਦਾਓ ਅਸਾਂ ਨਹੀਂ ਵਧਣਾਂ,
ਸਿੱਧੇ ਜਾਣਾਂ ਚੜ੍ਹਦੇ,
ਘੇਰੇ ਤੇ ਫੈਲਾਉ ਅਸਾਡੇ,
ਵਿਚ ਅਸਮਾਨਾਂ ਹੋਸਨ,
ਗਿੱਠ ਥਾਉਂ ਧਰਤੀ ਤੇ ਮੱਲੀ,
ਅਜੇ ਤੁਸੀਂ ਹੋ ਲੜਦੇ,

ਭਾਈ ਵੀਰ ਸਿੰਘ
(ਪੰਜਾਬੀ ਸਹਿਤ ਦੇ ਉਘੇ ਵਿਦਵਾਨ)

ੴ ਸਤਿਗੁਰ ਪ੍ਰਸਾਦਿ॥

# ਕੜਵਾ ਸੱਚ

## ਧਰਮ ਦੀ ਵਿਆਖਿਆ ਅਤੇ ਸੱਚ ਦਾ ਮਾਰਗ

## ਪਹਿਲਾ ਭਾਗ

## ਹਿੰਦੀ ਅਤੇ ਪੰਜਾਬ

ਕ੍ਰਿਤ

ਜਗਦੀਸ਼ ਸਿੰਘ ਕੋਟਲੀ


**ਕੜਵਾ ਸੱਚ**

**ਧਰਮ ਦੀ ਵਿਆਖਿਆ ਅਤੇ ਸੱਚ ਦਾ ਮਾਰਗ**

ਪਹਿਲਾ ਪੂਰਾ ਭਾਗ ਪੰਜਾਬੀ,

ਪ੍ਰਕਾਸ਼ਕ

ਨਵ ਯੁਗ ਚੇਤਨਾ ਸਮਾਜ

ਪਹਿਲੀ ਵਾਰ ਨਵੰਬਰ ***2006***


ਆਪ ਜੀ ਪੁਰੀ ਕਿਤਾਬ ਨੂੰ ਪੜਣ ਲੀ ਨਿਚੇ ਲਿਖੇ ਪਤੇ ਤੇ ਸਮਪਰਕ ਕਰਨੇ ਦੀ ਕਿਰਪਾ ਕਰੋ ਜੀ


ਲੇਖਕ

ਜਗਦੀਸ਼ ਸਿੰਘ ਕੋਟਲੀ

1718/ 4, Gobindpuri extn.New Delhi-110019

**T el :- 011-26023561**

**Email :- jskotli@NavYugChetnaSamaj.com**

ਇਸੇ ਕਲਮ ਤੋਂ ਕੁਝ ਹੋਰ ਲਿਖਤਾਂ

1 ਸ਼ਾਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ
**ਅਸਲ ਤੱਥ**

2 ਗੁਰਦਵਾਰਾ ਧੁਬੜੀ ਸਾਹਿਬ (ਅਸਾਮ)
ਸੰਖੇਪ ਇਤਹਾਸ ਗੁਰੂ ਤੇਗ ਬਹਾਦਰ ਸਾਹਿਬ ਜੀ
ਦਾ ਆਸਾਮ ਭਰਮਣ.

3 ਕ੍ਰਾਂਤੀਕਾਰੀ ਰਹਿਬਰ ਗੁਰੂ ਨਾਨਕ ਸਾਹਿਬ ਜੀ
ਦੇ ਜੀਵਨ ਦਾ ਸੰਖੇਪ ਇਤਿਹਾਸ

4 ਕੜਵਾ ਸੱਚ
ਧਰਮ ਦੀ ਵਿਆਖਿਆ ਅਤੇ ਸੱਚ ਦਾ ਮਾਰਗ_
ਪੰਜਾਬੀ ਅਤੇ ਹਿੰਦੀ ਵਿੱਚ

5 ਮੱਕੇ ਮਦੀਨੇ ਵਿੱਚ ਗੁਰੂ ਨਾਨਕ ਸਾਹਿਬ ਦੀ ਆਮਦ,
ਮੁਲਾਂ ਮੌਲਵੀਆਂ ਅਤੇ ਕਾਜੀਆਂ ਨਾਲ ਗਿਆਨ ਗੋਸ਼ਟੀ

6 ਕੜਵਾ ਸੱਚ
ਧਰਮ ਦੀ ਵਿਆਖਿਆ ਅਤੇ ਸੱਚ ਦਾ ਮਾਰਗ_
ਪੰਜਾਬੀ ਵਿੱਚ ਪਹਿਲਾ ਪੂਰਾ ਭਾਗ
ਛਪਣ ਯੋਗ

7 ਗੁਰੂ ਨਾਨਕ ਦਾ ਸਿੱਖ ਯਾ ਮਾਸ ਤੇ ਸ਼ਰਾਬ
ਪੰਜਾਬੀ ਅਤੇ ਹਿੰਦੀ ਵਿਚ

8 ਮਾਵਾਂ ਆਪਣਾ ਫਰਜ਼ ਪਛਾਨੰਣ
ਛਪਣ ਯੋਗ

9 ਧਰਮ ਦੀ ਵਿਆਖਿਆ ਤੇ ਸੱਚ ਦਾ ਮਾਰਗ_ਭਾਗ ਦੂਸਰਾ

# ਤਤਕਰਾ

ਮੁੱਖਬੰਦ 6

**ਕੜਵਾ ਸੱਚ**

ਧਰਮ ਦੀ ਦੁਨੀਆਂ ਵਿਚ ਧਰਮ ਦੇ ਨਾਮ ਤੇ ਮਨੌਤਾਂ **10**

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ **19**

ਨਾਸਤਿਕ ਵਰਗ ਦੀ ਰੱਬ ਤੇ ਸ਼ਰਧਾਲੂਆਂ ਬਾਰੇ ਸੋਚ **36**

**ਕਰਾਮਾਤੀ ਯੁਗ ਅਤੇ ਮੱਨੁਖ 41**

**ਭਾਰਤੀ ਚਿੰਤਕਾਂ ਦਾ ਮੱਤ 53**

**ਧਰਮ ਦੀ ਦੁਨੀਆਂ ਵਿੱਚ ਸਭ ਤੋਂ ਨਵਾਂ ਮੱਤ 56**

**ਸੰਸਾਰ ਦੇ ਸਭ ਤੋਂ ਨਵੇਂ ਮੱਤ ਦਾ ਮੂਲ ਸਿਧਾਂਤ 66**

**ਧਰਮ ਦੀ ਵਿਆਖਿਆ ਅਤੇ ਸੱਚ ਦਾ ਮਾਰਗ 80**

# ਮੁੱਖ ਬੰਦ

ਦੁਨੀਆਂ ਦੇ ਕਿਸੇ ਨਾ ਕਿਸੇ ਕੋਨੇ ਵਿਚ ਨੇਕੀ ਬਦੀ ਦਾ ਘੋਲ ਹੁੰਦਾ ਆਇਆ ਹੈ, ਤੇ ਹੁੰਦਾ ਵੀ ਰਹੇਗਾ। ਘੋਲ ਲੰਮਾ ਸਮਾਂ ਜਾਰੀ ਰਹੇ ਤਾਂ ਮਨੁੱਖ ਦੀ ਅਨਿਆ ਤੇ ਅਤਿਆਚਾਰ ਅਤੇ ਦੁਖ ਸਹਿਣ ਦੀ ਆਦਤ ਬਣ ਜਾਣਾ, ਬੇਸਹਾਰਾ ਹੋ ਜਾਣਾ ਕੁਦਰਤੀ ਗਲ ਹੈ। ਐਸਾ ਹੋਣ ਦੇ ਅਨੇਕ ਕਾਰਣਾ ਵਿਚੋਂ ਪ੍ਰਚਲਤ ਧਾਰਮਿਕ ਮਨੌਤਾਂ ਤੇ ਧਰਮ ਕਚਰਾ ਤੇ ਕੂੜੇ ਦਾ ਢੇਰ ਬਣ ਜਾਣਾ ਇਕ ਵੱਡਾ ਕਾਰਣ ਹੁੰਦਾ ਹੈ। ਜਦ ਧਾਰਮਿਕ ਆਗੂਆਂ ਦੇ ਮੂੰਹ ਨੂੰ ਤਾਲੇ ਲੱਗ ਜਾਂਦੇ ਹਨ, ਤੇ ਧਰਮ ਗ੍ਰੰਥ ਵੀ ਧਰੇ ਦੇ ਧਰੇ ਰਹਿ ਜਾਂਦੇ ਹਨ। ਐਸੇ ਵਾਤਾਵਰਣ ਵਿਚ ਬੇ-ਸਹਾਰਾ ਮਨੁੱਖ ਦੀ ਧਾਰਮਿਕ ਸਾਧਨਾ ਅੰਧ-ਵਿਸਵਾਸੀ ਤੇ ਟਿਕੀ ਹੋਣ ਕਰਕੇ ਫਜ਼ੂਲ ਰਹੁ-ਰੀਤੀਆਂ ਮਨੁੱਖ ਨੂੰ ਪਸ਼ੂ ਜੀਵਨ ਜੀਉਣ ਲਈ ਮਜਬੂਰ ਕਰ ਦਿੰਦੀਆਂ ਹਨ, ਜਿਸ ਦਾ ਸਿੱਧਾ ਰਾਹ ਅੰਧਕਾਰ ਨੂੰ ਜਾਂਦਾ ਹੈ। ਸਮੇਂ ਸਮੇਂ ਕ੍ਰਾਂਤੀਕਾਰੀ ਸਤਿਪੁਰਸ਼ (ਗੁਰੂ.ਪੀਰ. ਪੈਗੰਬਰ ਆਦ) ਲੋਕਾਈ ਨੂੰ ਅਨਿਆ-ਅਤਿਆਚਾਰ ਅਤੇ ਗੋਰਖ ਧੰਦਾ ਬਣੇ ਧਰਮ ਦੀ ਘੁੰਮਣ ਘੇਰੀ ਵਿੱਚੋਂ ਕੱਢਣ ਤੇ ਨਰੋਈ ਦਿੱਖ ਦੇਣ ਲਈ ਆਪ ਬੇਹੱਦ ਮੁਸੀਬਤਾਂ ਝੱਲਕੇ ਮਾਨਵ-ਵਾਦੀ ਪੈੜਾਂ ਪਾ ਜਾਂਦੇ ਹਨ। ਬਲਕਿ ਮਨੁੱਖ ਨੂੰ ਧਰਮ ਦੇ ਨਾਮ ਤੇ ਗੁਮਰਾਹ ਹੋਣ ਤੋਂ ਸਦੀਵੀਂ ਬਚਾਉਣ ਲਈ ਧਰਮ ਗ੍ਰੰਥ ਵੀ ਦੇ ਜਾਂਦੇ ਹਨ। ਪਰ ?

ਕੁਝ ਦਹਾਕੇ ਯਾ ਕੁਝ ਸਦੀਆਂ ਬਾਅਦ ਦ੍ਰਿੰਦਗੀ ਦਾ ਖੂਨੀ ਤਮਾਸ਼ਾ ਫਿਰ ਸ਼ੁਰੂ ਹੋ ਜਾਂਦਾ ਹੈ। ਲੋਕਾਈ ਦੀਆਂ ਚੀਖਾਂ ਫਿਰ ਸੁਣਾਈ ਦਿੰਦੀਆਂ ਹਨ। ਧਾਰਮਿਕ ਆਗੂਆਂ ਨੂੰ ਫਿਰ ਸੱਪ ਸੁੰਘ ਜਾਂਦਾ ਹੈ। ਧਰਮ ਗ੍ਰੰਥ ਫਿਰ ਧਰੇ ਦੇ ਧਰੇ ਰਹਿ ਜਾਂਦੇ ਹਨ ਅਤੇ ਧਰਮ ਫਿਰ ਕੂੜੇ ਦਾ ਢੇਰ ਬਣ ਜਾਂਦਾ ਹੈ, ਪਰ ਨੇਕੀ-ਬਦੀ ਦਾ ਘੋਲ ਕਦੇ ਰੁਕਿਆ ਨਹੀਂ, ਕਿਉਕਿ ਧਰਮ ਦੇ ਨਾਮ ਤੇ ਪੂਰੀ ਮਨੁੱਖਤਾ ਨੂੰ ਚਕ੍ਰਵਿਊ ਦੀ ਘੁੰਮਣ ਘੇਰੀ ਵਿਚ ਰੱਖਣ, ਅਤੇ ਮਨੁੱਖੀ ਸਾਂਝ ਨੂੰ ਕਮਜੋਰ ਕਰਨ, ਅਤੇ ਤੋੜਨ ਦੇ ਮੋਢੀ ਸਤਿਕਾਰ ਯੋਗ ਧਾਰਮਿਕ ਆਗੂ ਹੀ ਹੁੰਦੇ ਹਨ । ਜਿਨ੍ਹਾਂ ਨੇ ਗੁਰੂਆਂ ਪੀਰਾਂ.ਪੈਗਬੰਰਾਂ ਅਤੇ ਧਰਮ ਗ੍ਰੰਥਾਂ ਤੋਂ ਕੁਝ ਲੈਣਾ ਦੇਣਾ ਨਹੀਂ ਹੁੰਦਾ, ਨਾ ਹੀ ਉਨ੍ਹਾਂ ਨੂੰ ਮਾਨਵ ਜਾਤੀ ਦੇ ਭਲੇ ਲਈ ਕੋਈ ਦਿਲ-ਚਸਪੀ ਹੁੰਦੀ ਹੈ ਅਤੇ ਨਾ ਹੀ ਕਿਸੇ ਦੇ ਧਨ ਤੇ ਸਮੇਂ ਦੀ ਬਰਬਾਦੀ ਦਾ ਦੁੱਖ। ਉਨ੍ਹਾਂ ਦਾ ਕੰਮ ਸਿਰਫ ਧਰਮ ਦੇ ਨਾਮ ਤੇ ਮਨੁੱਖਤਾ ਨੂੰ ਗੁਮਰਾਹ ਕਰਨਾ, ਯਾ ਆਪਣੀ ਚੌਧਰ ਤੇ ਸ਼ੋਹਰਤ ਨੂੰ ਕਾਇਮ ਰੱਖਣ ਵਾਸਤੇ ਭੋਲੀ ਭਾਲੀ ਲੋਕਾਈ ਦੇ ਇਕੱਠ ਵਿਚ ਝੱਖ ਮਾਰਨਾ ਉਨ੍ਹਾਂ ਦਾ ਧਰਮ ਬਣ ਜਾਂਦਾ ਹੈ। ਮਨੁੱਖੀ ਸਾਂਝ ਨੂੰ ਕਮਜੋਰ ਕਰਨ ਅਤੇ ਧਰਮ ਦੇ ਨਾਮ ਤੇ ਦੰਗੇ ਕਰਾਉਣ ਤੋਂ ਇਲਾਵਾ ਉਨ੍ਹਾਂ ਦਾ ਹੋਰ ਕੋਈ ਮੰਤਵ ਨਹੀਂ ਹੁੰਦਾ।

ਸੰਸਾਰ ਦੇ ਸਭ ਤੋਂ ਨਵੇਂ ਸਿੱਖ ਧਰਮ ਨੂੰ ਸਥਾਪਤ ਹੋਇਆਂ ਹਾਲੇ ਚਾਰ ਸਦੀਆਂ ਵੀ ਨਹੀਂ ਹੋਈਆਂ। ਹੋਰ ਧਰਮਾ ਦੀ ਤਰਾਂ ਸਿੱਖ ਧਰਮ ਵੀ ਸਾੜ੍ਹਾ ਲੱਗਣ ਤੋਂ ਬਚ ਨਹੀਂ ਸਕਿਆ। ਪ੍ਰਮਾਤਮਾ ਦਾ ਚਿੰਤਨ ਛਡਕੇ, ਸਿੱਖ ਕੌਮ ਐਸਾ ਕਿਹੜਾ ਕਰਮ ਹੈ ਜੋ ਨਹੀਂ ਕਰਦੀ। ਪ੍ਰਚਾਰ ਪ੍ਰਣਾਲੀ ਵੀ ਕ੍ਰਾਂਤੀਕਾਰੀ ਸਿੱਖ ਧਰਮ ਨੂੰ ਕਰਾਮਾਤੀ ਰੰਗ ਦੇਣ ਤੇ ਤੁਲੀ ਹੋਈ ਹੈ। ਧਰਮ ਦੇ ਨਾਮ ਤੇ ਸਾਰੇ ਧਰਮਾ ਦੀ ਆਪਸੀ ਖਿਚੋਤਾਣ ਨੇ ਮਨੁੱਖੀ ਜੀਵਨ ਦੇ ਹਰ ਪੱਖ ਦੀਆਂ ਅਤੇ ਰੱਬ ਦੀਆਂ ਪੱਕੀਆਂ ਵੰਡੀਆਂ ਪਾ ਦੇਣੀਆਂ ਸਨ, ਜੇਕਰ ਵਿਗਿਆਨਿਕ ਯੁਗ ਆਪਣੀ ਕਲਾ ਨਾ ਦਿਖਾਉਂਦਾ।

ਖੁੰਡ ਚਰਚਾ ਅਤੇ ਮਨੋਰੰਜਨ ਰਾਹੀ ਟਾਇਮ ਪਾਸ ਕਰਨ ਵਾਲਾ ਮਨੁੱਖ ਭਾਵੇਂ ਬਾਹਰੋਂ ਚੰਗਾ ਭਲਾ ਖੁਸ਼ਹਾਲ ਲਗਦਾ ਹੋਵੇ ਅਤੇ ਹਾਲ ਚਾਲ ਪੁਛਣ ਵਾਲੇ ਨੂੰ ਭਾਵੇਂ ਮੂੰਹ ਤੋਂ ਇਹੋ ਕਹਿੰਦਾ ਹੋਵੇ ਕਿ ਉਪਰ ਵਾਲੇ ਦੀ ਫੁਲ ਕਿਰਪਾ ਹੈ, ਪਰ ਸੱਚਾਈ ਇਹ ਹੈ ਕਿ ਅੰਦਰੋ ਕੋਰੇ ਘੜੇ ਦੀ ਤਰਾਂ ਖਾਲੀ ਅਤੇ ਨਮੋਸ਼ੀ ਹੀ ਨਮੋਸ਼ੀ। ਅੰਤਰ ਆਤਮੇ ਬੇਚੈਨੀ ਅਤੇ ਪੂਰੀ ਭਟਕਣ। ਮਨ ਤ੍ਰਿਪਤ ਅਤੇ ਖੁਸ਼ੀਆਂ ਖੇੜੇ ਵਿਚ ਨਹੀਂ ਹੁੰਦਾ?

ਇਸ ਕਰਕੇ ਜਿਉਂ ਜਿਉਂ ਦਵਾ ਕੀ, ਮਰਜ਼ ਬੜਤਾ ਗਿਆ। ਜਿਸ ਮਰੀਜ ਨੂੰ ਦਮਾ, ਟੀ ਬੀ, ਕੈਂਸਰ, ਜੁਐਂਡਸ, ਪੈਰਾਲਾਇਜ ਆਦਿ ਸਾਰੀਆਂ ਬਿਮਾਰੀਆਂ ਨੇ ਘੇਰ ਰਖਿਆ ਹੋਵੇ, ਉਸ ਨੂੰ ਨੀਂਦ ਦੀਆਂ ਗੋਲੀਆਂ ਦੇਣਾ ਮਰੀਜ ਨਾਲ ਧੋਖਾ ਧੜੀ ਕਰਨ ਬਰਾਬਰ ਹੈ। ਜਦ ਕਿ ਉਸ ਦਾ ਆਖਰੀ ਇਲਾਜ ਕੜਵੀ ਤੋਂ ਕੜਵੀ ਦਵਾਈ. ਯਾ ਸਿਰਫ ਅਪ੍ਰੇਸ਼ਨ ?

ਇਸ ਕਰਕੇ ਅਚੇਤ ਮਨ ਨੂੰ ਜਾਗਰੂਕ ਕਰਨ ਦੇ ਮੰਤਵ ਨਾਲ ਜੋ
ਪੰਨੇ ਕਾਲੇ ਕੀਤੇ ਸਨ, ਇਸ ਦਾ ਕੁਝ ਹਿੱਸਾ 21 ਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀ ਪਤ੍ਰਕਾ ਸਿੱਖ ਲੀਗ ਰਾਹੀਂ ਸ਼ਰਧਾਲੂਆਂ ਦੀ ਭੇਂਟ ਕਰਨ ਦਾ ਯਤਨ ਕੀਤਾ ਗਿਆ ਸੀ। ਪਰ ਕਿਸੇ ਕਾਰਣ ਪੂਰਾ ਛਪ ਨਹੀਂ ਸਕਿਆ। ਧਰਮੀ ਲੋਕਾਂ ਦੀ ਮੰਗ ਤੇ ਇਸ ਲੇਖਣੀ ਨੂੰ ਛਾਪਣਾ ਜਰੂਰੀ ਬਣ ਗਿਆ ਹੈ। ਕੜਵਾ ਸੱਚ ਦੀ ਮਾਰਤੋੜ ਲੇਖਣੀ ਮਜਬੂਰੀ ਹੈ। ਮਨੁੱਖ ਕਿਸੇ ਵੀ ਧਰਮ ਦਾ ਵਰਗ ਦਾ ਅਤੇ ਕਿਸੇ ਵੀ ਦੇਸ਼ ਦਾ ਰਹਿਣ ਵਾਲਾ ਕਿਉ ਨਾ ਹੋਵੇ, ਸਤਿਕਾਰ ਯੋਗ ਹੈ, ਪਰ ਸੱਚ ਕੜਵਾ ਹੋਣ ਕਰਕੇ ਧਰਮ ਦੀ ਅਸਲੀਅਤ ਨੂੰ ਸਮਝਣ ਲਈ ਸੱਚਾਈ ਦਾ ਸਾਹਮਣਾ ਕੀਤੇ ਬਿੰਨਾ ਹੋਰ ਕੋਈ ਚਾਰਾ ਨਹੀਂ।

ਗੁਝੇ ਭੇਦਾਂ ਬਾਰੇ ਗਿਆਨ ਗੋਸ਼ਟੀ ਕਰਨ ਸਮਝਣ ਤੇ ਸਮਝਾਉਣ ਲਈ ਸ਼ਬਦ ਬੋਧ, ਪ੍ਰਮਾਣ ਜੁਗਤੀ, ਅਤੇ ਵਿਦਿਆ ਕੋਰਸ ਦਾ ਗੁਣੀ ਗਿਆਨੀ ਹੋਣਾ ਬਹੁਤ ਜਰੂਰੀ ਹੈ, ਪਰ ਮੇਰੇ ਪਾਸ ਇਨਾਂ ਵਿੱਚੋਂ ਕੁਝ ਨਹੀਂ। ਇਹ ਲੇਖਣੀ ਦਾ ਦਾਰੋਮਦਾਰ ਸਿਰਫ ਤੇ ਸਿਰਫ ਅਨਭਵ ਆਸਰੇ ਹੋਣ ਕਰਕੇ ਵਿਦਵਾਨ ਪੁਰਸ਼ਾਂ, ਸ਼ਰਧਾਲੂਆਂ ਅਤੇ ਪਾਠਕਾਂ ਦੀ ਸ਼ਰਧਾ ਨੂੰ ਠੇਸ ਪਹੁੰਚਣ ਦਾ, ਦਾਸ ਉਨ੍ਹਾਂ ਦਾ ਦਿਲੋਂ ਸ਼ਰੀਕ ਹੈ। ਇਸ ਕਰਕੇ ਉਨ੍ਹਾਂ ਤੋਂ ਨਿਮ੍ਰਤਾ ਸਹਿਤ ਹਥ ਜੋੜਕੇ ਮੁਆਫੀ ਦਾ ਜਾਚਕ ਵੀ ਹੋਵਾਂ ਗਾ।

ਜਗਦੀਸ਼ ਸਿੰਘ ਕੋਟਲੀ
ਨਵੀਂ ਦਿਲੀ

# ਕੜਵਾ ਸੱਚ

ਧਰਮ ਦੀ ਦੁਨੀਆਂ ਵਿਚ ਧਰਮ ਦੇ ਨਾਮ ਤੇ ਮਨਘੜਤ ਮਨੌਤਾਂ

ਧਰਮ ਅਸਥਾਨ ਕਿਸੇ ਵੀ ਮੱਤ ਦੇ ਹੋਣ, ਸਿਖਿਆ ਦੇ ਕੇਂਦਰ ਹੁੰਦੇ ਹਨ। ਜਿਥੇ ਮਨੁੱਖ ਗੁਰੂਆਂ ਪੀਰਾਂ ਪੈਗਬੰਰਾਂ ਦੀ ਹੰਢਾਈ ਹੋਈ ਅਤੇ ਦਰਸਾਈ ਹੋਈ ਜੁਗਤ ਦੀ ਪਾਲਨਾ ਕਰਕੇ ਮਨੁੱਖੀ ਜਾਮੇਂ ਨੂੰ ਰਸ਼ਨਾਉਣਾ ਹੁੰਦਾ ਹੈ। ਇਸ ਆਸ਼ੇ ਨਾਲ ਮਨੁੱਖ ਮਦੰਰ. ਮਸਜਿਦ. ਗੁਰਦੁਆਰੇ. ਚਰਚ. ਯਾ ਆਪਣੇ ਯਕੀਦੇ ਅਨੁਸਾਰ ਧਰਮ ਅਸਥਾਨਾਂ ਤੇ ਜਾਂਦਾ ਹੈ। ਹਰ ਰੋਜ ਜਾਂਦਾ ਹੈ ਅਤੇ ਜੀਵਨ ਭਰ ਜਾਂਦਾ ਹੈ। ਇਸ ਬਿਖੜੇ ਪੈਂਡੇ ਦੀਆਂ ਰਹੱਸ ਮਈ ਗੁੰਝਲਾਂ ਖੋਲਣ ਤੇ ਸਮਝਾਉਣ ਲਈ ਅਨੇਕ ਪਤ੍ਰਕਾਵਾਂ ਤੇ ਲੇਖ ਸਮਗਰੀ ਛਪਦੀ ਹੈ। ਜਿਸੇ ਧਾਰਮਿਕ ਖੋਜੀ ਵਿਦਵਾਨ ਆਪਣੀ ਘਾਲਣਾ, ਦ੍ਰਿਬ ਦ੍ਰਿਸ਼ਟੀ ਅਤੇ ਅੱਖਰੀ ਗਿਆਨ ਦੁਆਰਾ ਜੋ ਅਨਭਵ ਕਰਦੇ ਹਨ, ਜੁਗਿਆਸੂ ਲੋਕਾਂ ਦੀ ਭੇਂਟ ਕੀਤਾ ਜਾਂਦਾ ਹੈ। ਕਈ ਵਿਦਵਾਨ ਤਾਂ ਬਿਨਾਂ ਕੁਝ ਕੀਤਿਆਂ ਇਸ ਸਤਿ ਦੀ ਅਵਸਥਾ ਨੂੰ ਰੂਹ ਦੀ ਉਡਾਰੀ ਕਹਿਕੇ ਉਠ ਤੋਂ ਛਾਲਣੀ ਹੀ ਲਾਹੁੰਦੇ ਹਨ।ਕਈ ਵਿਦਵਾਨ ਤਾਂ ਧਾਰਮਿਕ ਲੇਖਾਂ ਰਾਹੀਂ ਭੋਲੀ ਭਾਲੀ ਮਨੁੱਖਤਾ ਨੂੰ ਭੰਬਲ-ਭੂਸੇ ਵਿੱਚ ਹੀ ਪਾ ਜਾਂਦੇ ਹਨ। ਪਰ ਕਿਸੇ ਸਚਿਆਰੇ ਦੇ ਕੜਵੇ ਬੋਲ ਅਤੇ ਖੁਲਾਸੇ ਭਰਪੂਰ ਲੇਖਣੀ ਪੜਨ ਨੂੰ ਨਹੀਂ ਮਿਲਦੀ, ਜਿਸ ਨੂੰ ਵਾਚਿਆਂ ਮਨੁੱਖ ਨੂੰ ਆਪਣੇ ਮਨੁੱਖੀ ਜਾਮੇਂ ਦਾ ਅਹਿਸਾਸ ਹੋਵੇ। ਅੰਤਰ ਆਤਮੇ ਚੀਸ ਦੀ ਐਸੀ ਚਿੰਗਾਰੀ ਭੜਕੇ ਕਿ ਨੀਂਦ ਉਡ ਜਾਵੇ। ਅਭਿਲਾਸੀ ਪੁਰਸ਼ ਮੰਜਲ ਵਲ ਕੂਚ ਕਰੇ ਅਤੇ ਸੰਸਾ ਮਿਟ ਜਾਵੇ। ਪਰ ਐਸਾ ਕਦੇ ਦੇਖਣ ਵਿਚ ਨਹੀ ਆਉਦਾ। ਜੇਕਰ ਕਾਰਣ ਇਕ ਹੋਵੇ ਤਾਂ ਮਸਲਾ ਹੱਲ ਹੋ ਸਕਦਾ ਹੈ, ਪਰ ਅਨੇਕ ਕਾਰਣ ਐਸੇ ਹਨ ਜਿਨਾਂ ਦਾ ਤੋੜ ਪੂਰੀ ਤਰਾਂ ਅਸੰਭਵ ਹੈ। ਕਿਉਕਿ ਸਾਰੇ ਪਸਾਰੇ ਦੀ ਖੇਡ ਦਾ ਕੇਂਦਰ ਬਿੰਦੂ ਧਰਮ ਹੈ। ਗ੍ਰਿਸਤ ਅਤੇ ਸਮਾਜ ਮਨੁੱਖੀ ਜੀਵਨ ਦੇ ਅਹਿੰਮ ਅੰਗ ਹੁੰਦੇ ਹਨ। ਧਰਮ ਪੱਖੋ ਮਨੁੱਖ ਨੂੰ ਆਪਣੀ ਮਰਜ਼ੀ ਨਾਲ ਜੀਵਨ ਜੀਉਣ ਦਾ ਤੇ ਪੂਜਾ ਪ੍ਰਤਿਸਟਾ ਕਰਨ ਦਾ ਜਨਮ ਅਧਿਕਾਰ ਹੈ। ਧਰਮ ਦੇ ਨਾਮ ਤੇ ਜੀਵਨ ਜੀਉਣ ਦੇ ਢੰਗ ਤਰੀਕਿਆ ਦਾ ਵੀ ਖੁਲੇ ਆਮ ਪ੍ਰਾਪੋਕੰਡਾ ਕੀਤਾ ਜਾ ਸਕਦਾ ਹੈ, ਕਿਉਕਿ ਸਿਕਦਾਰੀ ਜੋਤ ਵਿਚ (ਮਨੁੱਖੀ ਜਾਮਾਂ) ਮਨ ਦਾ ਸਿੱਧਾ ਵਾਸਾ ਹੋਣ ਕਰਕੇ ਮਨੁੱਖੀ ਜਾਮੇਂ ਨੂੰ ਆਦ ਸਮੇਂ ਤੋਂ ਉਤਮ ਅਤੇ ਸੁਖਾਂ ਦਾ ਮੁੱਖ ਸਾਧਨ ਮੰਨਿਆਂ ਗਿਆ ਹੈ, ਪਰ ਮਨੁੱਖੀ ਜਾਮੇਂ ਨੂੰ ਬੇਲਗਾਮ ਸਤੰਤਰ ਮਨ ਦਾ ਕਠਪੁਤਲੀ ਬਣ ਜਾਣ ਕਰਕੇ ਮਨੁੱਖੀ ਜਾਮੇਂ ਤੋਂ ਮਨ ਜੋ ਕੁਝ ਚਾਹੁੰਦਾ ਹੈ, ਸੋ ਬਲਾਉਂਦਾ ਤੇ ਕਰਾਉਂਦਾ ਹੈ। ਤਾਂਹੀਓ ਕਿਸੇ ਨੇ ਸੱਚ ਕਿਹਾ ਹੈ ਕਿ ਜਿਨੇ ਮੂੰਹ ਉਨੀਆਂ ਗਲਾਂ। ਕੋਈ ਕਿਸੇ ਦੀ ਸੋਚ ਨੂੰ ਰੋਕ ਨਹੀ ਸਕਦਾ। ਕੋਈ ਕਿਸੇ ਉਤੇ ਆਪਣੀ ਸੋਚ ਥੋਪ ਨਹੀਂ ਸਕਦਾ, ਕਿਉਕਿ ਮਨੁੱਖੀ ਜਾਮੇਂ ਨੂੰ ਝੱਖ ਮਾਰਨ ਦੀ ਪੂਰੀ ਖੁਲ ਹੈ। ਇਸ ਕਰਕੇ ਹੀ ਬਕਤੇ ਸਾਰੇ ਦੇ ਸਾਰੇ ਮਿਲਣ ਗੇ, ਪਰ ਸਰੋਤਾ ਕੋਈ ਵਿਰਲਾ ਵਿਰਲਾ।

ਧਰਮ ਦੀ ਸੱਚਾਈ ਨੂੰ ਸਾਹਮਣੇ ਲਿਆਉਣ ਲਈ ਹਰ ਪੱਖ ਨੂੰ ਪੂਰੀ ਘੋਖ ਨਾਲ ਵਾਚਣ ਦੀ ਲੋੜ ਹੈ। ਜੇਕਰ ਖੁਲੇ ਮੰਚ ਤੇ ਵਿਚਾਰ ਕਰੀਏ, ਤਾਂ ਵੱਖ ਵੱਖ ਵਿਚਾਰਾਂ ਦੀ ਕੜਵੀ ਸੱਚਾਈ ਦਾ ਸਾਹਮਣਾ ਵੀ ਜਰੂਰ ਕਰਨਾ ਪਵੇਗਾ?ਕਿਉਕਿ ਸੰਸਾਰ ਵਿਚ ਧਰਮ ਬਾਰੇ ਆਪਣੀ ਰਾਏ ਦੇਣ ਦਾ ਅਤੇ ਆਪਣੇ ਢੰਗ ਤਰੀਕਿਆਂ ਨਾਲ ਪੂਜਾ ਪ੍ਰਤਿਸ਼ਟਾ ਕਰਨ ਦਾ ਹਰ ਮਨੁੱਖ ਨੂੰ ਜਨਮ ਅਧਿਕਾਰ ਹੈ। ਧਰਮ ਬਾਰੇ ਰਾਏ ਰੱਖਣ ਵਾਲਿਆਂ ਵਿਚ ਕਈ ਕੈਟਾਗਿਰੀ ਦੇ ਲੋਕ ਹਨ। ਇਨਾਂ ਵਿਚ ਇਕ ਧਰਮ ਅਤੇ ਉਸ ਧਰਮ ਨੂੰ ਮੰਨਣ ਵਾਲੇ ਸ਼ਰਧਾਲੂ ਲੋਕ, ਦੂਸਰੇ ਧਰਮ ਨੂੰ ਨਾ ਮੰਨਣ ਵਾਲੇ ਨਾਸਤਿਕ, ਜੋ ਧਾਰਮਿਕ ਆਗੂਆਂ ਦੀਆਂ ਨੀਤੀਆਂ ਤੋਂ ਆਕੀ ਹੋਏ ਇਨਕਲਾਬੀ ਲੋਕ ਜੋ ਮਾਨਵ-ਵਾਦ ਨੂੰ ਹੀ ਆਪਣਾ ਧਰਮ ਸਮਝਦੇ ਹਨ। ਤੀਸਰੇ ਵਿਗਿਆਨੀ ਲੋਕਾਂ ਦੀ ਆਪਣੀ ਵੱਖਰੀ ਸੋਚ, ਜਿਨ੍ਹਾਂ ਦੀ ਖੋਜ ਨੇ ਮਨੁੱਖ ਨੂੰ ਅੰਧ-ਵਿਸਵਾਸ਼ੀ ਦੇ ਮੱਕੜ ਜਾਲ ਵਿਚੋਂ ਕਢਿਆ ਹੈ। ਚੌਥੇ ਪ੍ਰਮਾਤਮਾ ਦਾ ਮੰਨਨ ਕਰਨ ਵਾਲੇ ਗਿਆਨੀ ਚਿੰਤਕ ਲੋਕ। ਇਸ ਤੋਂ ਇਲਾਵਾ ਸੰਸਾਰ ਵਿਚ ਇਕ ਇਕ ਧਰਮ ਦੇ ਕਿੰਨੇ ਕਿੰਨੇ ਫਿਰਕੇ

ਬਣ ਚੁਕੇ ਹਨ। ਸੰਸਾਰ ਵਿਚ ਧਰਮ ਬਾਰੇ ਲੋਕਾਂ ਦੇ ਕਿਆ ਕਿਆ ਯਕੀਦੇ ਹਨ ਅਤੇ ਇਹ ਯਕੀਦੇ ਧਰਮ ਦੇ ਨਾਮ ਤੇ ਮਨੁੱਖੀ ਜਾਮੇਂ ਨੂੰ ਕਿਵੇਂ ਕਿਵੇਂ ਦਾਓ ਪਰ ਲਾਉਦੇ ਹਨ, ਇਕ ਬਹੁਤ ਹੀ ਲੰਬੀ ਗਾਥਾ ਹੈ, ਜਿਸ ਦਾ ਕੁਝ ਜਿਕਰ ਵੀ ਕੀਤਾ ਜਾਵੇਗਾ।

ਸਭ ਤੋਂ ਵੱਡਾ ਇਹੋ ਕਾਰਣ ਹੈ, ਕਿ ਸੰਸਾਰ ਦੇ ਸਾਰੇ ਧਰਮਾ ਦੇ ਆਗੂਆਂ ਦੀ ਧਰਮ ਬਾਰੇ ਵੱਖਰੀ ਵੱਖਰੀ ਰਾਏ ਅਤੇ ਵੱਖਰੀ ਵੱਖਰੀ ਬੋਲੀ ਹੁੰਦੀ ਹੈ। ਸ਼ਰਧਾਲੂਆਂ ਦੀ ਆਪਣੀ ਆਪਣੀ ਵੱਖਰੀ ਸੋਚ। ਨਾਸਤਿਕ ਸੋਚ ਰੱਖਣ ਵਾਲੇ ਲੋਕਾਂ ਨੂੰ ਤਾਂ ਸਿਰਫ ਦੇਖਾ ਹੀ ਪ੍ਰਵਾਨ ਹੈ। ਵਿਗਿਆਨੀ ਲੋਕਾਂ ਦੀ ਸੋਚ ਨੇ ਧਰਮ ਦੀ ਬੁਝਾਰਤ ਨੂੰ ਗੋਰਖ ਧੰਦੇ ਵਿਚ ਬਦਲ ਦਿਤਾ ਹੈ। ਧਰਮ ਦੀ ਸਚਾਈ ਨੂੰ ਸਾਹਮਣੇ ਲਿਆਉਣ ਲਈ ਵਿਗਿਆਨਿਕ ਲੋਕ ਅਤੇ ਨਾਸਤਿਕ ਇਨਕਲਾਬੀ ਲੋਕ ਜੋ ਤਰਕਸ਼ੀਲ ਰਾਏ ਰੱਖਦੇ ਹਨ, ਧਰਮ ਦੇ ਮੰਨਣ ਵਾਲਿਆਂ ਤੋਂ ਆਪਣੀ ਦਲੀਲ ਦਾ ਢੁਕਵਾਂ ਜਵਾਬ ਮੰਗਦੇ ਹਨ। ਇਨ੍ਹਾਂ ਦੀ ਤਰਕਸ਼ੀਲ ਦਲੀਲ ਦਾ ਧਾਰਮਿਕ ਆਗੂਆਂ ਨੂੰ ਜਵਾਬ ਦੇਣਾ ਇਖਲਾਕੀ ਫ਼ਰਜ਼ ਵੀ ਬਣਦਾ ਹੈ। ਇਸ ਕਰਕੇ ਇਨ੍ਹਾਂ ਦੀ ਵਿਚਾਰ ਸੁਣਨਾ ਜਰੂਰ ਲਾਹੇਵੰਦ ਰਹੇਗੀ।

ਸੰਸਾਰ ਦੇ ਸਾਰੇ ਧਾਰਮਿਕ ਆਗੂਆਂ ਦਾ ਧਰਮ ਬਾਰੇ ਪ੍ਰਾਪੋਕੰਡਾ ਕਰਨ ਦਾ ਮੁਖ ਮਤੰਵ ਲੋਕਾਂ ਨੂੰ ਆਪਣੇ ਕਾਫਲੇ ਨਾਲ ਜੋੜਨਾ, ਫਿਰਕੇ ਨੂੰ ਵਧਾਉਣਾ ਅਤੇ ਫਿਰਕਾ ਪ੍ਰਸਤੀ ਫੈਲਾਉਣਾ, ਯਾ ਭੋਲੀ ਭਾਲੀ ਲੋਕਾਈ ਨੂੰ ਧਰਮ ਦੇ ਨਾਮ ਤੇ ਗੁਮਰਾਹ ਕਰਕੇ ਹੌਲੀ ਹੌਲੀ ਸੱਤਾ ਅਤੇ ਸ਼ੌਹਰਤ ਪ੍ਰਾਪਤ ਕਰਨਾ ਹੁੰਦਾ ਹੈ, ਇਸ ਤੋਂ ਵੱਧ ਉਨ੍ਹਾਂ ਦਾ ਹੋਰ ਕੋਈ ਮਨੋਰਥ ਨਹੀਂ ਹੁੰਦਾ। ਉਨਾਂ ਨੂੰ ਧਰਮ ਦੀ ਸੱਚਾਈ ਸਮਝਣ ਯਾ ਸਮਝਾਉਣ ਦੀ ਲੋੜ ਨਹੀ ਹੁੰਦੀ। ਜੇਕਰ ਸੰਸਾਰ ਦੇ ਸਾਰੇ ਧਾਰਮਿਕ ਆਗੂਆਂ ਦੀ ਇਕ ਮੰਚ ਤੇ ਗਿਆਨ ਗੋਸਟੀ ਕਰਵਾਈ ਜਾਵੇ। ਤਾਂ ਅਸੀਂ ਦਾਹਵੇ ਨਾਲ ਕਹਿ ਸਕਦੇ ਹਾਂ ਕਿ ਇਸ ਰਾਮ ਰੌਲੇ ਵਿਚ ਕੁਝ ਵੀ ਪਲੇ ਪੈਣ ਵਾਲਾ ਨਹੀਂ ਹੋਵੇ ਗਾ, ਸਵਾਏ ਕੀਮਤੀ ਸਮਾਂ ਅਤੇ ਫਜ਼ੂਲ ਧਨ ਬਰਬਾਦ ਕਰਨ ਤੋਂ। ਕਿਉਕਿ ?

ਇਕ ਇੰਜਨੀਅਰ, ਡਾਕਟਰ, ਸੈਨਟਿਸ਼ਟ ਯਾ ਵਿਗਿਆਨਿਕ ਬਣਨ ਲਈ ਪੂਰਾ ਜੀਵਨ ਲਗ ਜਾਂਦਾ ਹੈ, ਪਰ ਧਾਰਮਿਕ ਆਗੂ ਬਣਨ ਲਈ ਹਿੰਗ ਲਗੇ ਨਾ ਫਟਕੜੀ, ਰੰਗ ਚੋਖਾ ਹੀ ਚੋਖਾ। ਇਕ ਵਾਰੀ ਬੋਲਣ ਦਾ ਥੋੜਾ ਜਿਹਾ ਝਾਕਾ ਖੁੱਲ ਜਾਵੇ, ਫਿਰ ਮੰਚ (ਸਟੇਜ਼) ਤੇ ਚੜ ਕੇ ਕੁਝ ਵੀ ਝੱਖ ਮਾਰਦਾ ਰਹੇ, ਸਭ ਸਤੋ-ਸਤਿ ਹੈ। ਫਿਰ ਰੋਜ਼ ਰੋਜ਼ ਝੱਖ ਮਾਰਨ ਦੇ ਅਭਿਆਸ ਤੋਂ ਲੋਕਾਈ ਨੂੰ ਉਲੂ ਬਨਾਉਣ ਦਾ ਢੰਗ ਆਪਣੇ ਆਪ ਆ ਜਾਂਦਾ ਹੈ। ਉਸ ਨੂੰ ਨਾ ਜਪ ਤਪ ਕਰਨ ਦੀ ਲੋੜ ਹੈ ਅਤੇ ਨਾ ਰੱਬ ਦੇ ਗਿਆਨ ਦੀ।

ਸ਼ੱਚਾਈ ਤਾਂ ਇਹ ਹੈ, ਕਿ ਧਰਮ ਦੇ ਮਨੰਨ ਕਰਨ ਵਾਲਿਆਂ ਦੀ ਤਾਂ ਇਕ ਰਾਏ ਇਕ ਵਿਚਾਰ ਹੋ ਸਕਦੀ ਹੈ, ਪਰ ਇਕ ਧਰਮ ਦੇ ਮੰਨਣ ਵਾਲਿਆਂ ਦੀ ਕਦੇ ਵੀ ਇਕ ਵਿਚਾਰ ਨਹੀਂ ਹੋ ਸਕਦੀ। ਬਲਕਿ ਆਪਸੀ ਮਤਭੇਦ ਅਤੇ ਦੁਸ਼ਮਣੀ ਵੀ ਸਿਖਰਾਂ ਤੇ ਹੋਵੇਗੀ। ਕਈ ਵਾਰੀ ਤਾਂ ਇਕ ਧਰਮ ਦੇ ਲੋਕ ਆਪਸ ਵਿਚ ਕਤਲੇ-ਆਮ ਤੇ ਉਤਰ ਆਉਂਦੇ ਹਨ। ਆਗੂ ਸ੍ਰੈਣੀ ਦੀ ਇਸ ਖੇਡ ਦਾ ਤਮਾਸ਼ਾ ਲਗ ਭਗ ਸਾਰੇ ਧਰਮਾ ਵਿਚ ਆਮ ਦੇਖਿਆ ਜਾ ਸਕਦਾ ਹੈ।

ਸ਼ਰਧਾਲੂ ਲੋਕ ਆਪਣੇ ਆਪ ਨੂੰ ਕਦੇ ਪਿਛੇ ਨਹੀਂ ਸਮਝਦੇ। ਪਹਿਲੀ
ਕੈਟਾਗਿਰੀ ਵਿਚ ਸਾਰੇ ਧਰਮਾ ਦੇ ਸ਼ਰਧਾਲੂਆਂ ਦਾ ਧਰਮ ਅਸਥਾਨਾਂ ਤੇ ਜਾਣ ਵਾਲੀ ਭੀੜ ਦਾ ਵੱਡਾ ਹਿੱਸਾ ਸਮਾਜ ਵਿਚ ਆਪਣੀ ਥਾਂ ਅਤੇ ਸਮਾਜ ਦਾ ਅੰਗ ਬਣੇ ਰਹਿਣ ਤਕ ਹੀ ਸੀਮਤ ਹੈ। ਉਨ੍ਹਾਂ ਦਾ ਹੋਰ ਕੋਈ ਮਨੋਰਥ ਨਹੀਂ ਹੁੰਦਾ।(2) ਦੂਸਰੇ ਇਸ ਭੀੜ ਦੇ ਵੱਡੇ ਹਿੱਸੇ ਦੀ ਮਨੋਬਿਰਤੀ ਮੰਗਤੇ ਵਾਲੀ ਹੁੰਦੀ ਹੈ ਜੋ ਹਰ ਰੋਜ਼ ਨਵੀਂ ਮੰਗ ਲੈ ਕੇ ਧਰਮ ਅਸਥਾਨਾਂ ਦੀ ਹਾਜਰੀ ਭਰਦੇ ਹਨ, ਜੀਵਨ ਭਰ ਇਨ੍ਹਾਂ ਦੀ ਮੰਗ ਕਦੇ ਮੁੱਕਦੀ ਨਹੀਂ (3) ਤੀਸਰੀ ਕੈਟਾਗਿਰੀ ਵਿਚ ਉਹ ਲੋਗ ਹਨ, ਜਿਨਾਂ ਦੀ ਧਾਰਮਿਕ ਸਾਧਨਾ ਕੰਨ ਅਤੇ ਅਖਾਂ ਬੰਦ ਕਰਕੇ ਸਿਰਫ ਕਰਮ-ਕਾਂਡਾਂ

ਤੇ ਟਿਕੀ ਹੋਈ ਹੈ। ਕਿਸੇ ਵੀ ਮੱਤ ਦੇ ਐਸੇ ਲੋਗ ਜੋ ਪਾਠ ਪੂਰਤੀ ਯਾ ਕਿਸੇ ਹੋਰ ਢੰਗ ਨਾਲ ਪੂਜਾ ਪ੍ਰਤਿਸ਼ਟਾ ਕਰਕੇ ਧਰਮ ਖਾਤਾ ਪੂਰਾ ਕਰਦੇ ਹਨ, ਸੱਚ ਦੀ ਕੋਈ ਗਲ ਇਨਾਂ ਦੇ ਪਲੇ ਕਦੇ ਪੈਂਦੀ ਨਹੀਂ? ਧਰਮ ਅਸਥਾਨਾਂ ਦੀ ਹਾਜਰੀ ਭਰਨ ਵਾਲੇ ਐਸੇ ਲੋਗ ਜੀਵਨ ਭਰ ਕਰਮ-ਕਾਂਡੀ, ਬੇਈਮਾਨ ਅਤੇ ਸ਼ੈਤਾਨ ਬਣੇ ਰਹਿੰਦੇ ਹਨ। ਰੱਬੀ ਗੁਣਾਂ ਦੀ ਝੱਲਕ ਕਿਤੇ ਨੇੜੇ ਤੇੜੇ ਵੀ ਨਜ਼ਰ ਨਹੀ ਆਉਂਦੀ।(4) ਚੌਥੀ ਕੈਟਾਗਿਰੀ ਦੇ ਉਹ ਲੋਗ ਜੋ ਸਿਰਫ ਚੌਧਰ ਹਥਿਆਉਣ ਵਾਸਤੇ ਯਾ ਚੌਧਰ ਬਣਾਈ ਰੱਖਣ ਲਈ ਪੂਰਾ ਜੀਵਨ ਹੀ ਬਿਤਾ ਦਿੰਦੇ ਹਨ। ਯਾ ਚੌਧਰ ਮਿਲਣ ਦੀ ਉਮੀਦ ਤੇ ਲਾਈਨ ਵਿੱਚ ਲਗੇ ਰਹਿੰਦੇ ਹਨ। ਇਸ ਕੈਟਾਗਿਰੀ ਦੇ ਲੋਕਾਂ ਨੇ ਗੁਰੂਆਂ ਪੀਰਾਂ ਪੈਗੰਬਰਾਂ ਅਤੇ ਧਰਮ ਗ੍ਰੰਥਾਂ ਤੋਂ ਕੁਝ ਲੈਣਾ ਦੇਣਾ ਨਹੀਂ ਹੁੰਦਾ। ਰੱਬ ਨੂੰ ਪਾਉਣ ਲਈ ਗਿਆਨ ਦੇ ਚਰਾਗ ਦੀ ਜੀਵਨ ਵਿਚ ਕਦੇ ਵੈਰਾਗ ਦੀ ਲੋੜ ਨਹੀ ਪੈਂਦੀ।

ਸ਼ਰਧਾਲੂਆਂ ਦੀ ਭੀੜ ਵਿਚ ਇਕ ਸ੍ਰੈਣੀ ਚਾਪਲੂਸਕ ਲੋਕਾਂ ਦੀ ਹੁੰਦੀ ਹੈ, ਜੋ ਚੰਗੇ ਮਾੜੇ ਦੀ ਅਤੇ ਸੱਚ ਝੂਠ ਦੀ ਜਾਣ-ਬੁਝ ਕੇ ਪਛਾਣ ਨਹੀਂ ਕਰਦੇ। ਵਾਸਤਵ ਵਿਚ ਇਨਾਂ ਸਾਊ ਸੁਭਾਅ ਦੇ ਲੋਕਾਂ ਦੀ ਹੋੜ ਗੁਰਮੁਖ ਬਣਨ ਦੀ ਹੁੰਦੀ ਹੈ, ਜੋ ਅਨਿਆ ਤੇ ਘੋਰ ਮਨਮੱਤ ਦੇਖਕੇ ਵੀ ਚੁੱਪੀ ਧਾਰ ਰੱਖਦੇ ਹਨ। ਧਰਮ ਦੇ ਨਾਮ ਤੇ ਠੇਕੇਦਾਰ ਵੀ ਇਨ੍ਹਾਂ ਚਾਪਲੂਸਕਾਂ ਦੀ ਹਮਾਇਤ ਨਾਲ ਇਕ ਸਚਿਆਰੇ ਪੁਰਸ਼ ਨੂੰ ਨੁਕਰੇ ਲਾ ਦਿੰਦੇ ਹਨ। ਇਹੋ ਵੱਡਾ ਕਾਰਣ ਹੈ ਕਿ ਸਾਰੇ ਧਰਮਾ ਵਿਚ ਬੇਈਮਾਨ ਅਤੇ ਭ੍ਰਿਸ਼ਟ ਅਪਰਾਧੀ ਲੋਕ ਉਚੀਆਂ ਪੱਦਵਿਆਂ ਉਤੇ ਬਿਰਾਜਮਾਨ ਹੋ ਜਾਂਦੇ ਹਨ। ਆਪਣੀ ਚੌਧਰ ਕਾਇਮ ਰੱਖਣ ਲਈ ਸ਼ਰਧਾਲੂਆਂ ਨੂੰ ਨੀਂਦ ਦੀਆਂ ਗੋਲਿਆਂ ਦੇਣਾ ਉਨਾਂ ਦਾ ਧਰਮ ਬਣ ਜਾਂਦਾ ਹੈ।

ਇਸ ਤੋਂ ਇਲਾਵਾ ਸਾਰੇ ਫਿਰਕਿਆਂ ਵਿਚ ਇਕ ਹੋਰ ਧੜਾ ਜਿਨਾਂ ਦੀ ਟੇਕ ਸਿਰਫ ਸ਼ਰਧਾ ਹੁੰਦੀ ਹੈ। ਐਸੇ ਲੋਕਾਂ ਦੀ ਭਾਵੇਂ ਕੋਈ ਮੰਗ ਵੀ ਨਾ ਹੋਵੇ, ਪਰ ਸ਼ਰਧਾ ਦੇ ਨਾਮ ਤੇ ਹਰ ਬੇੜੀ ਵਿਚ ਸਵਾਰ ਹੁੰਦੇ ਹਨ। ਇਨਾਂ ਨੇ ਹਰ ਥਾਂ ਤੇ ਸਿਰਫ ਮੱਥਾ ਰਗੜਨਾ ਹੁੰਦਾ ਹੈ। ਲਕੀਰ ਪਿਟੱਣ ਵਾਲੀ ਇਹ ਸ੍ਰੈਣੀ ਅਖਾਂ ਤੇ ਪੱਟੀ ਬੰਨਕੇ ਕੋਹਲੂ ਦੇ ਬੈਲ ਦੀ ਤਰਾਂ ਘੁੰਮਣ ਘੇਰੀ ਤਕ ਹੀ ਸੀਮਤ ਰਹਿੰਦੇ ਹਨ। ਇਨਾਂ ਨੂੰ ਆਤਮਿਕ ਤ੍ਰਿਪਤੀ ਲਈ ਰੱਬੀ ਗਿਆਨ ਨਾਲ ਕੋਈ ਸਵੋਕਾਰ ਨਹੀਂ? ਜੋ ਪੂਰਾ ਜੀਵਨ ਸ਼ਰਧਾ ਲੇਖੇ ਲਾ ਜਾਂਦੇ ਹਨ। ਐਸੇ ਬੰਦਿਆਂ ਦੀਆਂ ਜੋ ਆਦਤਾਂ ਬਣ ਜਾਂਦੀਆਂ ਹਨ ਉਨਾਂ ਨੂੰ ਬਦਲਨਾ ਖਾਲਾ ਜੀ ਦਾ ਵਾੜਾ ਨਹੀਂ। ਕੋਈ ਗੁਰੂ ਪੀਰ ਪੈਗੰਬਰ ਵੀ ਉਸ ਮਨੁੱਖ ਨੂੰ ਜਾਦੂ ਦੀ ਛੜੀ ਨਾਲ ਧਰਮੀ ਨਹੀਂ ਬਣਾ ਸਕਦਾ? ਇਸ ਸੱਚਾਈ ਦਾ ਜਿਕਰ ਵਾਰਸ ਸ਼ਾਹ ਦੇ ਸ਼ਬਦਾਂ ਵਿਚ ਇਸ ਤਰਾਂ ਹੈ।

ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ,
ਭਾਵੇਂ ਕਟੀਏ ਪੋਰੀਆਂ ਪੋਰੀਆਂ ਜੀ।

**ਕੜਵਾ ਸੱਚ ਦੀ ਲੇਖਣੀ ਵਿਚ ਕਟ ਲਈ ਮੁਆਫੀ ਦੇ ਜਾਚਕ ਹਾਂ।**

ਆਲੀਸ਼ਾਨ ਮਹਿਲ ਨੁਮਾਂ ਡੇਰਿਆਂ ਵਿਚ ਰਹਿਣ ਵਾਲੇ ਸਾਧੂ ਸੰਤਾਂ ਦੀ ਸ੍ਰੈਣੀ ਵੀ ਧਰਮ ਨੂੰ ਖੋਰਾ ਲਾਉਣ ਵਿੱਚ ਪਿਛੇ ਨਹੀਂ। ਜੋ ਸ਼ਰਧਾਲੂਆਂ ਤੋਂ ਹਵਾਈ ਜਹਾਜਾਂ ਦੀਆਂ ਟਿਕਟਾਂ ਮੰਗਵਾ ਕੇ ਉਨ੍ਹਾਂ ਨੂੰ ਦਰਸ਼ਨ ਦਿੰਦੇ ਹਨ। ਸ਼ਰਧਾ ਵਿਚ ਗੁਲਤਾਨ ਸ਼ਰਧਾਲੂ ਲੋਕਾਂ ਦਾ ਕੰਮ ਤਾਂ ਅਖਾਂ ਮੀਟ ਕੇ ਸਿਰਫ ਅੰਨੇ ਖਾਤੇ ਦਾਨ ਦੇਣਾ ਹੁੰਦਾ ਹੈ। ਸ਼ਰਧਾਲੂ ਲੋਕਾਂ ਨੂੰ ਰੱਬੀ ਗਿਆਨ ਲਈ ਸੋਚਣਾ ਤਾਂ ਬਹੁਤ ਦੂਰ ਦੀ ਗਲ ਹੈ, ਇਨਾਂ ਲੋਕਾਂ ਨੂੰ ਇਹ ਵੀ ਗਵਾਰ ਨਹੀਂ ਕਿ ਦਾਨ ਵਿਚ ਦਿੱਤਾ ਗਿਆ ਧਨ ਕਿਆ ਕਿਸੇ ਗਰੀਬ, ਬਿਮਾਰ, ਬੇ-ਸਹਾਰਾ ਬਜ਼ੁਰਗ, ਤੇ ਕਿਸੇ ਗਰੀਬ ਪਰਿਵਾਰ ਦੀ ਲੜਕੀ ਦਾ ਪਰਦਾ ਢਕਣ ਦੇ ਕੰਮ ਆਉਂਦਾ ਹੈ ਯਾ ਕਿਸੇ ਗਰੀਬ ਪਰਿਵਾਰ ਦੀ ਲੜਕੀ ਦੀ ਇਜ਼ਤ ਲੁਟਣ ਦੇ

ਕੰਮ ਆਉਦਾ ਹੈ। ਸੱਚਾਈ ਤਾਂ ਇਹ ਹੈ ਕਿ ਰਿਸ਼ੀਆਂ ਮੁਨੀਆਂ ਦੇ ਦੇਸ਼ ਵਿਚ ਧਰਮ ਇਕ ਵਿਉਪਾਰ ਬਣ ਗਿਆ ਹੈ। ਐਸਾ ਹੋਣ ਦਾ ਮੁੱਖ ਕਾਰਣ ਧਾਰਮਿਕ ਆਗੂਆਂ ਦਾ ਪੱਕੇ ਰਾਜਨੀਤਕ ਬਣ ਜਾਣਾ ਹੈ। ਪੂਰੇ ਭਾਰਤ ਵਿਚ ਧਰਮ ਦਾ ਢੰਦੋਰਾ ਦੇਣ ਵਾਲਿਆਂ ਵਿਚ ਸਾਧੂ ਸੰਤਾਂ ਦੀ ਵੀ ਇਕ ਖਾਸ ਸ੍ਰੈਣੀ ਹੈ ਜੋ ਧਰਮ ਦੇ ਨਾਮ ਤੇ ਲਗੇ ਮੀਲੋਂ ਮੀਲ ਲੰਬੇ ਸ਼ਾਮਿਆਨਿਆਂ ਵਿੱਚ ਬਿਰਾਜਮਾਨ ਹੁੰਦੇ ਹਨ। ਉਨਾਂ ਸਾਧੂ ਸੰਤਾਂ ਦੇ ਆਲੇ ਦੁਆਲੇ ਲਖਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਦਾ ਇਕੱਠ ਦੇਖਿਆ ਜਾਂਦਾ ਹੈ। ਸ਼ਰਧਾਲੂ ਸੇਵਕਾਂ ਦੇ ਪੱਲੇ ਕੁਝ ਪਵੇ ਯਾ ਨਾ ਪਵੇ, ਪਰ ਸਾਧੂ ਸੰਤਾਂ ਦੀ ਬਲੇ ਹੀ ਬਲੇ, ਜੋ ਆਪਣੀ ਸ਼ੌਹਰਤ ਲਈ ਲੋਕਾਂ ਦੇ ਲਖਾਂ ਰੁਪਏ ਅਤੇ ਕੀਮਤੀ ਸਮਾਂ ਬਰਬਾਦ ਕਰ ਦਿੰਦੇ ਹਨ।

ਕੜਵਾ ਸੱਚ ਦੀ ਲੇਖਣੀ ਵਿਚ ਕਟ ਲਈ ਮੁਆਫੀ ਦੇ ਜਾਚਕ ਹਾਂ।

ਧਰਮ ਤੇ ਫੋਕਟ ਦੀ ਸ਼ਰਧਾ ਬਾਰੇ ਕੋਈ ਵੀ ਨਿਰਣਾ ਲੈਣ ਤੋਂ ਪਹਿਲਾਂ
ਨਾਸਤਿਕ ਵਰਗ ਦੇ ਲੋਕਾਂ ਦੀ ਇਸ ਵਿਚਾਰ ਵਿਚ ਕਿੰਨਾਕੁ ਦੱਮ ਹੈ ਅਤੇ
ਜੋ ਤੱਥ ਸਾਹਮਣੇ ਲਿਆਉਣਾ ਚਾਹੁੰਦੇ ਹਨ, ਇਨ੍ਹਾਂ ਨੂੰ ਪੂਰੀ ਤਰਾਂ ਸਮਝ ਲਈਏ।

ਧਾਰਮਿਕ ਸਮਾਜਿਕ ਤੇ ਰਾਜਨੀਤਕ ਪੱਖ ਤੋਂ ਇਲਾਵਾ ਜੀਵਨ ਦੇ ਹਰ ਖੇਤਰ ਵਿਚ ਵਿਦਿਆ ਦਾ ਇਕ ਖਾਸ ਅਸਥਾਨ ਹੈ। ਮਨੁੱਖੀ ਜੀਵਨ ਵਿਚ ਵਿਦਿਆ ਇਕ ਅਮੁਲ ਵਸਤੂ ਹੈ, ਜੋ ਸਕੂਲਾਂ ਕਾਲਜਾਂ ਅਤੇ ਹੋਰ ਅਦਾਰਿਆਂ ਤੋਂ ਪ੍ਰਾਪਤ ਹੁੰਦੀ ਹੈ। ਵਿਦਿਆ ਤੋਂ ਬਿੰਨਾ ਮਨੁੱਖ ਗਵਾਰ ਹੀ ਮੰਨਿਆਂ ਜਾਂਦਾ ਹੈ। ਦੇਸ਼ ਦੀ ਉਨਤੀ ਤੇ ਮਨੁੱਖੀ ਵਿਕਾਸ ਵਿਚ ਵਿਦਿਆ ਦਾ ਇਕ ਅਹਿੰਮ ਅਸਥਾਨ ਹੁੰਦਾ ਹੈ। ਹੁਣ ਤਕ ਕਿਸੇ ਨੇ ਸਰਵੇ ਕੀਤਾ ਹੈ, ਯਾ ਨਹੀਂ ਕੀਤਾ, ਪਰ ਜੇ ਸਰਵੇ ਕਰਾਇਆ ਜਾਵੇ, ਤਾਂ ਇਹ ਅੰਦਾਜਾ ਗਲਤ ਨਹੀਂ ਹੋਵੇ ਗਾ ਕਿ ਭਾਰਤ ਦੇ ਕੁਲ ਸਕੂਲਾਂ ਕਾਲਜਾਂ ਤੇ ਹੋਰ ਵਿਦਿਆ ਅਦਾਰਿਆਂ ਤੋਂ ਕਈ ਗੁਣਾ ਜਿਆਦਾ ਮੰਦਰ ਗੁਰਦਵਾਰੇ, ਮਸਜਿਦਾਂ ਅਤੇ ਅਜੀਬ ਤਰਾਂ ਦੇ ਨਾਮ ਨਾਲ ਧਰਮ ਅਸਥਾਨ ਹੋਣ ਗੇ। ਇਹ ਅਸਥਾਨ ਭੋਲੇ ਭਾਲੇ ਲੋਕਾਂ ਨੂੰ ਧਰਮ ਦੇ ਨਾਮ ਤੇ ਗੁਮਰਾਹ ਕਰਨ ਲਈ ਹਰ ਹੀਲਾ ਵਸੀਲਾ ਵਰਤਦੇ ਹਨ। ਪੁਜਾਰੀ ਸਰੈਣੀ ਦਾ ਇਹ ਸਿਲ ਸਲਾ ਜੇਕਰ ਇਸੇ ਤਰਾਂ ਹੀ ਚਲਦਾ ਰਿਹਾ, ਤਾਂ ਉਹ ਦਿਨ ਦੂਰ ਨਹੀਂ, ਜਦ ਪੁਜਾਰੀਆਂ ਕਰਮਚਾਰੀਆਂ ਅਤੇ ਸਾਧੂ ਸੰਤਾਂ ਸਵਾਮੀਆਂ ਦੀ ਗਿਣਤੀ ਸ਼ਰਧਾਲੂਆਂ ਤੋਂ ਕਈ ਗੁਣਾਂ ਵੱਧ ਹੋ ਜਾਵੇ ਗੀ।

ਕੜਵਾ ਸੱਚ ਦੀ ਲੇਖਣੀ ਵਿਚ ਕਟ ਲਈ ਮੁਆਫੀ ਦੇ ਜਾਚਕ ਹਾਂ।

## ਨਾਸਤਿਕ ਵਰਗ ਦੀ ਰੱਬ ਤੇ ਸ਼ਰਧਾਲੂਆਂ ਬਾਰੇ ਸੋਚ,

ਇਹੋ ਕਾਰਣ ਹੈ ਕਿ ਨਾਸਤਿਕ ਵਰਗ ਦੇ ਲੋਕ, ਧਾਰਮਿਕ ਸ੍ਰੈਣੀ ਨੂੰ ਕੋਈ ਅਹਿਮੀਅਤ ਨਹੀਂ ਦਿੰਦੇ, ਬਲਕਿ ਇਸ ਸ੍ਰੈਣੀ ਨੂੰ ਮਨੁੱਖਤਾ ਦੇ ਪੱਕੇ ਦੁਸ਼ਮਨ ਸਮਝਦੇ ਹਨ। ਭਾਵੇਂ ਚਰਚਾ ਦੇ ਪਿੜ ਵਿਚ ਆਪਣੇ ਆਪ ਨੂੰ ਕੋਈ ਘਟ ਵੀ ਨਹੀਂ ਸਮਝਦਾ, ਪਰ ਨਾਸਤਿਕ ਵਰਗ ਦਾ ਵਿਸ਼ਵਾਸ ਸਿਰਫ ਮਾਨਵਵਾਦ ਨੂੰ ਪ੍ਰੱਤਖ ਅਮਲੀ ਜੀਵਨ ਵਿਚ ਹੰਢਾਉਣਾ ਹੈ। ਝੱਖ ਮਾਰਨ ਵਿਚ ਨਹੀਂ। “ ਇਨਾਂ ਦੇ ਵਿਚਾਰਾਂ ਵਿਚ ਕਿੰਨਾ ਸੱਚ ਹੈ ਅਤੇ ਕਿੰਨਾ ਝੂਠ। ਧਰਮ ਬਾਰੇ ਇਨ੍ਹਾਂ ਦੀ ਕਿਆ ਸੋਚ ਤੇ ਕਿਆ ਪਹੁੰਚ ਹੈ ਪੂਰੀ ਗਲ ਸਮਝ ਲੈਣਾ ਚਾਹੀਦਾ ਹੈ।

ਤਰਕ ਸ਼ੀਲ ਬੁਧੀਮਾਨਾਂ ਨੇ ਭਾਵੇਂ ਸੱਚਾਈ ਲਭਣ ਦਾ ਯਤਨ ਕੀਤਾ ਹੈ ਯਾ ਨਹੀ, ਪਰ ਉਨਾਂ ਦੀ ਇਸ ਦਲੀਲ ਵਿੱਚ ਭਾਰੀ ਵਜ਼ਨ ਹੈ ਕਿ ਧਰਮ ਨੂੰ ਮੰਨਣ ਵਾਲੇ ਸ਼ਰਧਾਲੂ ਅਤੇ ਦੇਵੀ ਦੇਵਤਿਆਂ ਦੇ ਪੁਜਾਰੀ ਜੇਕਰ ਇਹ ਸਮਝਦੇ ਹਨ ਕਿ ਸਾਡੇ ਸਾਰੇ ਸੁਖ ਤੇ ਸਾਰੀਆਂ ਇਛਾਵਾਂ ਅਵਤਾਰ ਅਤੇ ਦੇਵੀ ਦੇਵਤੇ ਪੂਰੀਆਂ ਕਰਦੇ ਹਨ। ਪਿਪੱਲ ਪੱਥਰ(ਮੂਰਤੀ)ਆਦ ਕੁਦਰਤੀ ਪਦਾਰਥਾਂ ਦੇ ਪੂਜਕਾਂ ਦੀਆਂ ਇਛਾਵਾਂ ਉਨਾਂ ਦੇ ਅਕੀਦੇ ਅਨੁਸਾਰ ਪੂਰੀਆਂ

ਹੁੰਦੀਆਂ ਹਨ। ਸਿੱਖ ਸੇਵਕਾਂ ਦੀ ਮੰਨਤ ਉਨਾਂ ਦਾ ਗੁਰੂ ਪੂਰੀਆਂ ਕਰਦਾ ਹੈ, ਤਾਂ ਫਿਰ ਲਖਾਂ ਕਰੋੜਾਂ ਲੋਕ ਜੋ ਆਪਣੇ ਬੱਲ ਬੂਤੇ(ਮੇਹਨਤ ਮਸਕੱਤ) ਨਾਲ ਸੰਸਾਰ ਦੇ ਸਾਰੇ ਸੁਖ ਪ੍ਰਾਪਤ ਕਰਦੇ ਹਨ ਕਿਸੇ ਗੁਰੂ, ਪੀਰ ਪੈਗੰਬਰ ਦੇ ਸੇਵਕ ਨਹੀ, ਤਾਂ ਫਿਰ ਉਨਾਂ ਨੂੰ ਜੀਵਨ ਦੇ ਸਾਰੇ ਸੁਖ ਅਤੇ ਖੁਸ਼ੀਆਂ ਕੌਣ ਦਿੰਦਾ ਹੈ?

ਕੜਵਾ ਸੱਚ ਦੀ ਲੇਖਣੀ ਵਿਚ ਕਟ ਲਈ ਮੁਆਫੀ ਦੇ ਜਾਚਕ ਹਾਂ।

## ਨਾਸਤਿਕ ਲੋਕਾਂ ਦਾ ਗੁਰੂਆਂ ਪੀਰਾਂ ਬਾਰੇ ਅਨਭਵ

ਕਿਸੇ ਵੀ ਸ਼ਕਤੀ ਨੂੰ ਨਾ ਮੰਨਣ ਵਾਲੇ ਨਾਸਤਿਕ ਲੋਕਾਂ ਦਾ ਗੁਰੂਆਂ ਪੀਰਾਂ,ਪੈਗੰਬਰਾਂ ਅਤੇ ਪ੍ਰਮਾਤਮਾ ਬਾਰੇ ਅਨਭਵ। ਸ਼ਰਧਾਲੂਆਂ ਬਾਰੇ ਇਨਾਂ ਦੀ ਤਿੱਖੀ ਅਲੋਚਨਾ ਦਾ ਟੂਕ ਮਾਤਰ ਜਿਕਰ,

ਜੇਕਰ ਕੋਈ ਮੱਨੁਖ ਕਿਸੇ ਦੇਵੀ ਦੇਵਤੇ ਦਾ ਯਾ ਗੈਬੀ ਸ਼ਕਤੀ ਦਾ ਸ਼ਰਧਾਲੂ ਧਰਮ ਦੇ ਨਾਮ ਤੇ ਕਰਮ-ਕਾਂਡੀ ਤੇ ਅੰਧ-ਵਿਸਵਾਸੀ ਵਿਚ ਜੀਵਨ ਜੀਉਣਾ ਚਾਹੁੰਦਾ ਹੈ, ਤਾਂ ਕਿਸੇ ਨੂੰ ਕੋਈ ਇਤਰਾਜ ਨਹੀਂ। ਪਰ ਜੇਕਰ ਕ੍ਰਾਂਤੀ-ਕਾਰੀ ਪੀਰ ਪੈਗੰਬਰਾਂ ਨੂੰ ਖੁਦਾ ਦਾ ਪੁਤਰ. ਯਾ ਨਿਰੰਕਾਰੀ ਜੋਤ ਕਹਿਣ ਵਾਲੇ ਸ਼ਰਧਾਲੂ ਲੋਕ ਆਪਣੇ ਗੁਰੂਆਂ ਪੀਰਾਂ ਪੈਗੰਬਰਾਂ ਦੀਆਂ ਪਾਇਆ ਪੈੜਾਂ ਦੀ ਪੈਰਵਹੀ ਨਹੀਂ ਕਰਦੇ ਅਤੇ ਆਪਣੇ ਮੁਰਸ਼ਦ ਦੇ ਬੁਨਿਆਦੀ ਸਿਧਾਂਤਾਂ ਦਾ ਘਾਣ ਕਰਦੇ ਹਨ, ਤਾਂ ਇਹ ਕ੍ਰਿਤਘਣਮ ਲੋਕ ਕਿਸੇ ਵੀ ਮੁਆਫੀ ਦੇ ਲਾਇਕ ਨਹੀਂ. ਜੋ ਗੁਰੂਆਂ ਪੀਰਾਂ ਦੇ ਨਾਮ ਤੇ ਆਪਣੇ ਆਪ ਨੂੰ ਤੇ ਰੱਬ ਨੂ ਵੀ ਧੋਖਾ ਦੇ ਰਹੇ ਹੁੰਦੇ ਹਨ, ਕਿਉਕਿ ਇਹ ਲੋਕ ਸ਼ਰਧਾ ਦੀ ਸ਼ੋਹਰਤ ਵਿਚ ਰੱਬ ਨੂੰ ਖਲੋਣਾ ਹੀ ਸਮਝਦੇ ਹਨ।

ਕੜਵਾ ਸੱਚ ਦੀ ਲੇਖਣੀ ਵਿਚ ਕਟ ਲਈ ਮੁਆਫੀ ਦੇ ਜਾਚਕ ਹਾਂ।

ਇਨਾਂ ਇਨਕਲਾਬੀ ਲੋਕਾਂ ਨੂੰ ਕੋਈ ਨਾਸਤਿਕ-ਵਾਦੀ ਕਹੇ ਯਾ ਮਾਰਕਸ ਵਾਦੀ, ਪਰ ਇਨ੍ਹਾਂ ਦੀਆਂ ਖਰੀਆਂ ਖਰੀਆਂ ਗਲਾਂ ਵਿਚ ਕਿੰਨਾ-ਕੁ ਵਜ਼ਨ ਹੈ, ਜੁਗਿਆਸੂ ਲੋਕਾਂ ਦੇ ਸੋਚਣ ਦੀ ਗਲ ਹੈ। ਇਨਾਂ ਦੇ ਬੋਲਾਂ ਤੋਂ ਸੱਪਸ਼ਟ ਹੁੰਦਾ ਹੈ ਕਿ ਇਹ ਇਨਕਲਾਬੀ ਲੋਕ ਗੁਰੂਆਂ ਪੀਰਾਂ ਪੈਗੰਬਰਾਂ ਨੂੰ ਕ੍ਰਾਂਤੀ ਦੇ ਜਨਮ ਦਾਤਾ ਕ੍ਰਾਂਤੀਕਾਰੀ ਰਹਿਬਰ ਮੰਨਦੇ ਹਨ। ਇਨਾਂ ਦੀ ਧਰਮ ਅਤੇ ਰੱਬ ਬਾਰੇ ਕਿਆ ਸੋਚ ਤੇ ਕਿਆ ਪਹੁੰਚ ਹੈ, ਇਹ ਤਾਂ ਉਹੀ ਜਾਣਦੇ ਹਨ। ਪਰ ਧਰਮ ਨੂੰ ਮੰਨਣ ਵਾਲੇ ਸ਼ਰਧਾਲੂਆਂ ਦਾ ਅਤੇ ਨਾਸਤਿਕ ਲੋਕਾਂ ਦਾ ਜੇਕਰ ਚਰਚਾ ਦੇ ਪਿੜ ਵਿਚ ਭੇੜ ਭੜਾਇਆ ਜਾਵੇ, ਤਾਂ ਮੈਂ ਪੂਰੇ ਦਾਹਵੇ ਨਾਲ ਕਹਿੰਦਾ ਹਾਂ ਕਿ ਪੱਟਕੇ ਦੀ ਝੰਡੀ ਨਾਸਤਿਕ ਲੋਕ ਲੈ ਜਾਣਗੇ, ਕਿਉਕਿ ਸ਼ਰਧਾਲੂ ਲੋਕ ਧਰਮ ਦੇ ਸੰਪਾਦਕਾਂ ਨਾਲ ਤਾਂ ਸ਼ਰਦਾ ਰੱਖਦੇ ਹਨ। ਪਰ ਇਨਾਂ ਦੇ ਮੂਲ ਉਦੇਸ਼ਾਂ ਦੀ ਪਾਲਨਾ ਨਹੀਂ ਕਰਦੇ।

ਕੜਵਾ ਸੱਚ ਦੀ ਲੇਖਣੀ ਵਿਚ ਕਟ ਲਈ ਮੁਆਫੀ ਦੇ ਜਾਚਕ ਹਾਂ।

# ਕਰਾਮਾਤੀ ਯੁਗ ਅਤੇ ਮੱਨੁਖ

ਸੰਸਾਰ ਵਿੱਚ ਭਾਰਤੀ ਚਿੰਤਕਾਂ ਦੇ ਬੋਲ-ਬਾਲੇ ਉਪਰੰਤ ਅਜ ਦਾ ਵਿਗਿਆਨਿਕ ਯੁਗ ਵੀ ਆਪਣੀ ਦੌੜ ਵਿੱਚ ਪਿਛੇ ਨਹੀਂ। ਭਾਰਤੀ ਚਿੰਤਕਾਂ ਦੀ ਹਜਾਰਾਂ ਸਾਲ ਪਹਿਲਾਂ ਦੀ ਅਧਿਆਤਮਿਕ ਖੋਜ ਨੇ ਮਨੁੱਖੀ ਜੀਵਨ ਦੀਆਂ ਰੱਹਸ ਮਈ ਗੁਲਝਾਂ ਖੋਲਣ ਅਤੇ ਗਣਿਤ ਵਿਦਿਆ ਦੇ ਗਿਆਨ ਦਾ ਭੰਡਾਰ ਭਾਵੇਂ ਸਾਰੇ ਸੰਸਾਰ ਨੂੰ ਦਿਤਾ, ਪਰ ਵਿਗਿਆਨੀ ਲੋਕਾਂ ਦੀ ਮਹਾਨ ਘਾਲਣਾ ਅਤੇ ਦਿਨ ਰਾਤ ਦੀ ਕਰੜੀ ਮੇਹਨਤ ਸਦਕਾ ਜਿਸ ਕਰਾਮਾਤੀ ਯੁਗ ਦਾ ਜਨਮ ਹੋਇਆ ਹੈ, ਐਸਾ ਵੱਡਾ ਚਮਤਕਾਰ ਸ਼ਾਇਦ ਪਹਿਲੀ ਵਾਰ ਹੈ। 19 ਵੀਂ ਸਦੀ ਦਾ ਮਰ ਮੁਕਿਆ ਮਨੁੱਖ ਜੇਕਰ ਅਜ ਦੇ ਵਿਕਾਸ ਨੂੰ ਆਕੇ ਦੇਖੇ, ਤਾਂ ਕਦੇ ਵੀ ਨਾ ਮਨੈ ਕਿ ਇਹ ਦੁਨੀਆਂ ਮੇਰੇ ਵਾਲੀ ਹੀ ਹੈ, ਯਾ ਕੋਈ ਹੋਰ। ਵਿਗਿਆਨੀ ਲੋਕਾਂ ਦੀ ਘੋਰ ਤੱਪਸਿਆ ਨੇ ਜਿਥੇ ਮਨੁੱਖ ਨੂੰ ਸੁਖਾਂ ਨਾਲ ਮਾਲੋਮਾਲ ਕੀਤਾ ਹੈ ਉਥੇ ਅੰਧ-ਵਿਸ਼ਵਾਸੀ ਦੀ ਕੰਜ ਨੂੰ ਤਾਰ ਤਾਰ ਕੀਤਾ ਹੈ। ਇਸ ਕਰਕੇ ਸਾਰੀ ਮਨੁਖੱਤਾ ਨੂੰ ਵਿਗਿਆਨਿਕਾਂ ਦਾ ਅਹਿਸਾਨ-ਮੰਦ ਹੋਣਾ ਚਾਹੀਦਾ ਹੈ।

**ਕੜਵਾ ਸੱਚ ਦੀ ਲੇਖਣੀ ਵਿਚ ਕਟ ਲਈ ਮੁਆਫੀ ਦੇ ਜਾਚਕ ਹਾਂ।**

ਧਰਮ ਦਾ ਮੰਨਨ ਕਰਨ ਵਾਲੇ ਚਿੰਤਕ ਲੋਕ ਭਾਵੇਂ ਵਿਰਲੇ ਪੁਰਸ਼ ਹੀ ਹੋਣਗੇ, ਪਰ ਕਿਸੇ ਬਹਿਸ ਵਿਚ ਝੱਖ ਮਾਰਨ ਦੀ ਬਜਾਏ ਉਨ੍ਹਾਂ ਦਾ ਵਿਸ਼ਵਾਸ ਮੂਰਖਾਂ ਦੇ ਦਾਸ ਬਣਨ ਵਿਚ ਹੀ ਦੇਖਿਆ ਜਾਂਦਾ ਹੈ। ਖਾਸ ਕਰਕੇ ਭਾਰਤੀ ਚਿੰਤਕ ਵਿਗਿਆਨਿਕ ਖੋਜ ਨੂੰ ਵੀ ਅਧੂਰੀ ਸੱਚਾਈ ਮੰਨਦੇ ਹਨ, ਕਿਉਕਿ ਵਿਗਿਆਨਿਕਾਂ ਨੇ ਕਰਤੇ ਨੂੰ ਛਡਕੇ, ਆਪਣੀ ਖੋਜ ਦਾ ਅਧਾਰ (ਆਦ ਤੇ ਅੰਤ) ਸਿਰਫ ਕੁਦਰਤ ਨੂੰ ਹੀ ਮੰਨਿਆਂ ਹੈ, ਪਰ ਮਨੁੱਖੀ ਜਾਮੇਂ ਵਿਚ ਜੀਵਨ ਦੇ ਗੁਝੇ ਭੇਦਾਂ ਦੇ ਮਾਮਲੇ ਵਿਚ ਭਾਰਤੀ ਚਿੰਤਕ ਵਿਗਿਆਨਿਕਾਂ ਨਾਲ ਸਹਿਮਤ ਨਹੀਂ।

**ਕੜਵਾ ਸੱਚ ਦੀ ਲੇਖਣੀ ਵਿਚ ਕਟ ਲਈ ਮੁਆਫੀ ਦੇ ਜਾਚਕ ਹਾਂ।**

ਸੀਮਤ ਜੇਹੀ ਵਿਚਾਰ ਕਿਸੇ ਨੂੰ ਸਮਝ ਆਵੇ. ਯਾ ਨਾ ਆਵੇ। ਕੋਈ ਇਸ ਨੂੰ ਸੱਚਾਈ ਸਮਝੇ ਯਾ ਤਰਕ, ਪਰ ਗਿਆਨ ਦਾ ਅਸੀਮ ਮਾਰਗ ਹੀ ਹਰ ਮਨੁੱਖੀ ਜਾਮੇਂ ਦਾ ਮੂਲ ਮਨੋਰਥ ਤੇ ਸਦੀਵੀਂ ਸੁਖਾਂ ਦਾ ਸਾਧਨ ਹੈ। ਸੰਸਾਰ ਦੁਖਾਂ ਦਾ ਘਰ, ਦੁਖਾਂ ਤੋਂ ਇਲਾਵਾ ਹੋਰ ਕੁਝ ਨਹੀਂ। ਇਸ ਕਰਕੇ ਸੰਸਾਰ ਵਿਚ ਵਿਚਰਣ ਵਾਲਾ ਕੋਈ ਵੀ ਮਨੁੱਖ ਦੁਖਾਂ ਦੇ ਸੰਕਜੇ ਤੋ ਬਚ ਨਹੀ ਸਕਦਾ। ਦੁਖਾਂ ਵਿਚ ਘਿਰੇ ਮਨੁੱਖ ਦੀ ਜਾਨ ਜਦ ਘੰਡੀ ਵਿੱਚ ਫੱਸ ਜਾਵੇ, ਤਾਂ ਉਸ ਨੂੰ ਜੋ ਕੁਝ ਵੀ ਸਾਹਮਣੇ ਆਉਂਦਾ ਹੈ, ਆਪਣਾ ਮਸਤੱਕ ਨਿਵਾ ਲੈਂਦਾ ਹੈ, ਗਿਆਨ ਤੋਂ ਬਿੰਨਾ ਇਥੋਂ ਅੰਧ-ਵਿਸ਼ਵਾਸੀ ਦੀ ਖੇਡ ਸ਼ੁਰੂ ਹੋ ਜਾਂਦੀ ਹੈ ਜੋ ਇਕ ਕੜਵੀ ਸੱਚਾਈ ਹੈ।

ਭਾਰਤ ਤੋ ਇਲਾਵਾ ਹੋਰ ਵੀ ਕਿੰਨੇ ਦੇਸ ਐਸੇ ਹੋਣ ਗੇ, ਜਿਥੇ ਪਸ਼ੂਆਂ ਪੰਛੀਆਂ, ਜਾਨਵਰਾਂ ਅਤੇ ਕੁਦਰਤੀ ਪਦਾਰਥਾਂ ਦੀ ਪੂਜਾ ਹੁੰਦੀ ਹੋਵੇਗੀ। ਇਹੋ ਕਾਰਣ ਹੈ ਕਿ ਸਦੀਵੀਂ ਸੁਖ ਅਤੇ ਦੁਖਾਂ ਦੀ ਨਵਿਰਤੀ ਲਈ ਲਗ ਭਗ ਸੰਸਾਰ ਦਾ ਹਰ ਮਨੁੱਖ ਕਿਸੇ ਨਾ ਕਿਸੇ ਰੂਪ ਵਿਚ ਅਗੰਮੀ ਸ਼ਕਤੀ ਨੂੰ ਉਪਾਸ਼ਦਾ ਰਿਹਾ ਹੈ ਅਤੇ ਅਜ ਵੀ ਉਪਾਸ਼ਦਾ ਹੈ। ਪੁਰਾਤਣ ਸਮੇਂ ਤੋਂ ਭਾਰਤ ਦੇ ਰਿਸ਼ੀਆਂ ਮੁਨੀਆਂ ਨੇ ਸੱਚੇ ਸੁਖ ਦੀ ਪ੍ਰਾਪਤੀ ਲਈ ਕਠਿਨ ਤੱਪਸਿਆ ਅਤੇ ਸਾਧਨਾ ਦੁਆਰਾ ਮਨੁੱਖੀ ਜੀਵਨ ਦੀਆਂ ਰੱਹਸ ਮਈ ਗੁਲਝਾ ਖੋਲਣ ਦਾ ਪੂਰਾ ਯਤਨ ਕੀਤਾ ਸੀ। ਪ੍ਰਚਲਤ ਮਨੌਤਾਂ, ਪੁਰਾਤਨ ਧਰਮ ਗ੍ਰੰਥ ਅਤੇ ਧਰਮ ਪੀਠ (ਮਠ) ਧਰਮ ਅਸਥਾਨ ਆਦਿ ਉਨਾਂ ਦੀ ਘਾਲਣਾ ਦਾ ਪ੍ਰਤੱਖ ਸਬੂਤ ਹਨ। ਪੁਰਾਤਨ ਸੰਸਕ੍ਰਿਤੀ ਅਤੇ ਆਤਮਿਕ ਵਿਕਾਸ (ਧਰਮ ਤੇ ਗਿਆਨ) ਪੱਖੋ ਭਾਰਤ ਦੁਨੀਆ ਦੇ ਨਕਸ਼ੇ ਤੇ ਮੋਢੀ ਰਿਹਾ ਹੈ। ਜਿਵੇਂ ਕਿ ਪੁਰਾਣੀ ਕਹਾਵਤ ਹੈ, ਕਿ ਭਾਰਤ ਰਿਸ਼ੀਆਂ ਮੁਨੀਆਂ ਦਾ ਦੇਸ ਹੈ।

ਹਰ ਧਰਮ ਵਿਚ ਮਨੁੱਖੀ ਕਲਿਆਣ ਲਈ ਧਾਰਮਿਕ ਸਾਧਨਾ ਤੇ ਅੰਤਿਮ ਪ੍ਰਾਪਤੀ ਮਿਥਿਆ ਅਨੁਸਾਰ ਮੰਨੀ ਜਾਂਦੀ ਹੈ। ਜਿਵੇਂ ਕਿ ਹਿੰਦੂ ਮੱਤ ਵਿਚ ਸਵਰਗ, ਇਸਲਾਮ ਮੱਤ ਵਿਚ ਜੰਨਤ (ਬਹਿਸ਼ਤ) ਈਸਾਈ ਧਰਮ ਵਿਚ

ਹੈਵਨ ਦੀ ਕਲਪਨਾ ਹੈ। ਸਿੱਖ ਧਰਮ ਵਿਚ ਸੱਚ ਖੰਡ। ਭਾਰਤੀ ਧਾਰਮਿਕ ਗ੍ਰਥਾਂ ਵਿਚ ਐਸੀਆਂ ਅਨੇਕ ਕਥਾਵਾਂ ਦਾ ਜਿਕਰ ਹੈ, ਜਿਸ ਵਿਚ ਮਨੁੱਖੀ ਕਲਿਆਣ ਦਾ ਸਾਧਨ ਗਿਆਨ ਮੰਨਿਆ ਗਿਆ ਹੈ। ਹਿੰਦੂ ਧਰਮ ਗ੍ਰੰਥ ਗੀਤਾ ਅਨੁਸਾਰ ਸੂਰਬੀਰ, ਵੀਰ ਅਰਜਨ ਦੇ ਨੇੜਲੇ ਸਬੰਧੀ ਕੌਰਵ ਜੋ ਪਾਪੀ ਅਤੇ ਬੇਈਮਾਨ ਸਨ, ਅਰਜਨ ਨੇ ਮੋਹ ਵਿਚ ਆ ਕੇ ਆਪਣਿਆਂ ਦੇ ਖਿਲਾਫ ਲੜਨ ਤੋਂ ਸਾਫ ਇਨਕਾਰ ਕਰ ਦਿਤਾ ਸੀ। ਸਤਿਧਰਮ ਦੀ ਹਾਨੀ ਦੇਖ ਕੇ ਸ੍ਰੀ ਕ੍ਰਿਸਨ ਜੀ ਨੇ ਅਰਜਨ ਨੂੰ ਕਰਤੇ ਦੀ ਲੀਲਾ ਦਾ ਗਿਆਨ ਦਿੱਤਾ, ਨਤੀਜੇ ਵੱਜੋਂ ਵੀਰ ਅਰਜਨ ਨੇ ਮੁੜ ਤੀਰ ਕਮਾਨ ਚੁਕਿਆ ਤੇ ਦੁਰਾਚਾਰੀਆਂ ਨੂੰ ਭਾਜ ਪਾਈ।

ਪੰਜੋਖਰੇ ਦੇ ਹੰਕਾਰੀ ਪਡਿੰਤਾਂ ਨੇ ਜਦ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਛੋਟੀ ਉਮਰ ਵਿਚ ਵੱਡੇ ਨਾਮ ਦੇ ਅਵਤਾਰ ਹੋਣ ਦੀ ਚਣੌਤੀ ਦਿਤੀ। ਉਸ ਵਕਤ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਛੱਜੂ ਝੀਵਰ ਨੂੰ ਗਿਆਨ ਬਖਸ਼ ਕੇ ਗੀਤਾ ਦੇ ਅਰਥ ਕਰਵਾਏ। ਉਨਾਂ ਧਰਮ ਗ੍ਰੰਥਾਂ ਦੇ ਗਿਆਤਾ ਪੰਡਿਤਾਂ ਉਤੇ ਗਿਆਨ ਨੂੰ ਭਾਰੂ ਕੀਤਾ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕਿਆ ਸ੍ਰੀ ਕ੍ਰਿਸਨ ਜੀ ਨੇ ਵੀਰ ਅਰਜਨ ਨੂੰ ਵੇਦ ਗ੍ਰੰਥਾਂ ਦਾ ਪਾਠ ਪੜਾਇਆ ਸੀ, ਯਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਕਮਲੇ ਛੱਜੂ ਨੂੰ ਧਰਮ ਗ੍ਰਥਾਂ ਦਾ ਆਧਿਐਨ ਕਰਾਇਆ ਸੀ। ਏਥੇ ਸਪਸ਼ਟ ਹੁੰਦਾ ਹੈ ਕਿ ਗਿਆਨ (ਰੋਸ਼ਨੀ) ਸਤਿ ਦੀ ਅਵਸਥਾ ਦਾ ਅਹਿੰਮ ਪੱੜਾ ਹੈ, ਕੋਈ ਕਲਪਨਾ ਨਹੀਂ। ਜਿਵੇਂ ਦਿਨ ਦੀ ਰੋਸ਼ਨੀ ਵਿਚ ਸਭ ਕੁਝ ਸਾਫ ਸਾਫ ਦਿਸਦਾ ਹੈ ਅਤੇ ਰਾਤ ਨੂੰ ਘੁੱਪ ਅੰਧੇਰਾ, ਜਿਥੇ ਕੁਝ ਵੀ ਨਜ਼ਰ ਨਹੀਂ ਆਉਂਦਾ। ਭਵਜਲ ਸੰਸਾਰ ਵਿਚ ਜਲ-ਥਲ ਦੀਆਂ ਸਾਰੀਆਂ ਜੂਨੀਆਂ ਵਿਚੋਂ ਮਨੁੱਖੀ ਜਾਮੇਂ ਨੂੰ ਹੀ ਸਿਰਮੌਰ ਹਸਤੀ (ਉਤਮ ਜੂਨੀ) ਮੰਨਿਆਂ ਗਿਆ ਹੈ, ਜਿਸ ਨੇ ਅੰਧੇਰ ਖੰਡ (ਧਰਮ ਸਾਲ) ਵਿਚੋਂ ਪੌੜੀ ਦਰ ਪੌੜੀ ਗਿਆਨ ਖੰਡ ਸਰਮ ਖੰਡ ਕਰਮ ਖੰਡ ਰਾਹੀਂ ਚੇਤੰਨ ਸਰੂਪ ਵਿਚ ਲੀਨ ਹੋਣ ਦੀ ਅਵਸਥਾ ਨੂੰ ਪ੍ਰਾਪਤ ਕਰਨਾ ਹੈ।

ਪੁਰਾਤਨ ਸਮੇਂ ਦੇ ਭਾਰਤੀ ਚਿੰਤਕਾਂ ਨੇ ਆਵਾ ਗਉਨ ਦੀਆਂ ਚੁਰਾਸੀ ਲਖ ਜੂਨਾਂ ਦੀ ਜੋ ਤਸਵੀਰ ਧਰਮ ਦੀ ਦੁਨੀਆਂ ਵਿਚ ਰਖੀ ਹੈ। ਸੰਸਾਰ ਦੇ ਹੋਰ ਧਰਮ ਵਿਚ ਸ਼ਾਇਦ ਇਸ ਚਕ੍ਰਵਿਊ ਦੀ ਘੁੰਮਣ ਘੇਰੀ ਨੂੰ ਮੰਨਦੇ ਹਨ ਕਿ ਨਹੀਂ? ਕਿਉਕਿ ਸਿੱਖ ਮੱਤ ਨੂੰ ਛਡਕੇ ਹੋਰ ਮੱਤ ਦੇ ਧਰਮ ਗ੍ਰੰਥ. ਗੁਰੂਆਂ ਪੀਰਾਂ ਪੈਗੰਬਰਾਂ ਦੀ ਅਗਵਾਈ ਵਿਚ ਨਹੀਂ ਲਿਖੇ ਗਏ। ਇਸ ਕਰਕੇ ਆਵਾ-ਗਉਨ ਬਾਰੇ ਉਨਾਂ ਦੀ ਕਿਆ ਸੋਚ ਹੋਵੇ, ਵਿਚਾਰ ਕਰਨਾ ਸਿਰਫ ਫਜੂਲ ਝੱਖ ਮਾਰਨਾ ਯਾ ਵਿਵਾਦ ਛੇੜਨਾ ਹੈ। ਪਰ ਗਿਆਨ ਤੇ ਵਿਗਿਆਨ ਪਖੋਂ ਸ੍ਰਿਸ਼ਟੀ ਦੀ ਸਿਰਜਨਾ ਅਤੇ ਸੰਸਾਰ ਵਿਚ ਅਨੇਕ ਪਦਾਰਥਾਂ ਦੇ ਬੇਅੰਤ ਭੰਡਾਰ, ਪਸ਼ੂ ਪੰਛੀ ਜਾਨਵਰ ਆਦ ਜੀਵ ਜੰਤੂਆਂ ਦੇ ਬਨਾਉਣ ਤੇ ਮੇਟਣ, ਕਿਸਮਾਂ, ਨਸਲਾਂ ਦੇ ਬਦਲਣ ਦਾ ਕਾਰਜ ਪ੍ਰਕਿਰਤੀ ਦਾ ਹੈ, ਜੋ ਆਪਣੇ ਨਿਯਮ (ਧਰਮ) ਤੇ ਨਿਆਂ ਅਨੁਸਾਰ ਨਿਰੰਤਰ ਕੰਮ ਕਰ ਰਹੀ ਹੈ। ਸੰਸਾਰ ਦੇ ਸਭ ਤੋਂ ਨਵੇਂ ਮੱਤ ਅਨੁਸਾਰ ਪ੍ਰਕਿਰਤੀ ਦੇ ਨਿਯਮ ਤੇ ਨਿਆਂ ਅਤੇ ਕ੍ਰਿਤ ਕਰਮ ਦੀ ਕਸੌਟੀ ਉਤੇ ਆਵਾ ਗਉਨ ਦੀ ਪੂਰੀ ਗਵਾਹੀ ਭਰਦਾ ਹੈ। ਜੇ ਕੋਈ ਮਨੁੱਖ ਇਸ ਆਵਾ-ਗਉਨ ਦੀ ਵਿਚਾਰ ਨੂੰ ਨਾ ਵੀ ਮਨੈ, ਤਾਂ ਉਸ ਨੂੰ ਮਨਾਉਣ ਵਾਸਤੇ ਝੱਖ ਮਾਰਨ ਦੀ ਲੋੜ ਨਹੀਂ, ਕਿਉਂਕਿ ਇਹ ਇਕ ਕੜਵੀ ਸੱਚਾਈ ਹੈ ਕਿ ਮਨੁੱਖ ਨਿਯਮ ਅਤੇ ਨਿਆਂ ਤੋਂ ਹਮੇਸ਼ਾ ਮੁਨਕਰ ਰਿਹਾ ਹੈ। ਨਿਯਮ ਅਤੇ ਨਿਆਂ ਨੂੰ ਕਦੇ ਮੰਨਦਾ ਹੀ ਨਹੀਂ। ਨਿਯਮ ਅਤੇ ਨਿਆਂ ਦੇ ਅਨੁਕੂਲ ਜੀਵਨ ਜੀਉਂਣ ਲਈ ਮਨੁੱਖ ਕਦੇ ਸੋਚਦਾ ਤਕ ਵੀ ਨਹੀਂ? ਮਨੁੱਖੀ ਜਾਮੇਂ ਦਾ ਮਨ ਬੇ- ਲਗਾਮ ਘੋੜੇ (ਸਰਪ੍ਰਸਤ ਹੱਸਤੀ) ਅਤੇ ਅਵਾਰਾ ਪਸ਼ੂ ਦੀ ਤਰਾਂ ਹੈ ਜਿਸ ਦੀ ਆਦਤ, ਚੰਗੇ ਮਾੜੇ ਵਿਚ ਮੂੰਹ ਮਾਰਨਾ, ਅਤੇ ਮੂੰਹ ਦੀ ਖਾਣੀ। ਇਥੇ ਇਹ ਵੀ ਭੁਲਣਾ ਨਹੀਂ ਚਾਹੀਦਾ ਕਿ ਹੋਰ ਜੂਨੀਆਂ ਵਿਚ ਜੀਵ ਜੰਤੂਆ ਦੀ ਕਿਸਮ ਉਸ ਦੇ ਸਰੀਰ ਦੀ ਬਣਤਰ ਅਨੁਸਾਰ ਅਲੱਗ ਅਲੱਗ ਕਿਸਮ ਦੀ ਖੁਰਾਕ ਖਾਣ ਦਾ ਸੁਭਾਅ ਵੀ ਕੁਦਰਤੀ ਆਪਣੇ ਆਪ ਬਣਿਆ ਹੁੰਦਾ ਹੈ। ਪਰ ਮਨੁੱਖੀ ਜਾਮੇਂ ਨੂੰ ਆਪਣੀ ਮਰਜੀ ਨਾਲ ਸਭ ਕੁਝ

ਖਾਣ ਪੀਣ ਦੀ ਅਤੇ ਝੱਖ ਮਾਰਨ ਦੀ ਪੂਰੀ ਖੁਲ ਹੈ। ਇਸ ਕਰਕੇ ਪ੍ਰਕਿਰਤੀ ਦੇ ਨਿਯਮ ਅਨੁਸਾਰ ਜੋ ਕਰਨਾ ਹੈ ਸੋ ਪਾਉਣਾ ਹੈ। ਜੋ ਬੀਜਣਾ ਹੈ ਸੋ ਵਢਣਾ ਹੈ। ਇਹ ਪ੍ਰਕਿਰਤੀ ਦਾ ਨਿਯਮ ਹੈ।

ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ॥ 1417

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ ਪੰਨਾ 134

ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸ॥ 133 (ਗੁਰੂ ਗ੍ਰੰਥ ਸਾਹਿਬ)

ਜੈਸੇ ਕਰੇ ਸੁ ਤੈਸਾ ਪਾਏ॥ ਪੰਨਾ 870

ਆਪਿ ਬੀਜ ਆਪੇ ਹੀ ਖਾਹਿ॥ ਪੰਨਾ 1192

ਜੇਹੇਵੇ ਕਰਮ ਕਮਾਵਦਾ ਤੇਹੇਵੇ ਫਲਤੇ॥ ਪੰਨਾ 317

ਜੇਹੇ ਕਰਮ ਕਮਾਇ ਤੇਹਾ ਹੋਇਸੀ ਪੰਨਾ 730

ਜੇਹਾ ਬੀਉ ਤੇਹਾ ਫਲ ਪਾਯਾ॥ ਭਾਈ ਗੁਰਦਾਸ ਜੀ

ਕੜਵਾ ਸੱਚ ਦੀ ਲੇਖਣੀ ਵਿਚ ਕਟ ਲਈ ਮੁਆਫੀ ਦੇ ਜਾਚਕ ਹਾਂ।

ਗੁਰੂ ਨਾਨਕ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਮੁੱਢ ਕਰਤੇ ਨੂੰ ਬੀਜ ਮੰਤਰ ਮੰਨ ਕੇ ਮੂਲ ਮੰਤਰ ਰਾਹੀ ਪ੍ਰਮਾਤਮਾ ਦੇ ਨਿਰਗੁਣ ਸਰੂਪ ਦੀ ਵਿਆਖਿਆ ਅਤੇ ਪਹਿਲੇ ਸਲੋਕ, ਆਦਿ ਸੱਚ ਤੋ ਲੈ ਕੇ ਹੋਸੀ ਭੀ ਸੱਚ ਤਕ ਸਤਿ ਸਰੂਪ ਕਰਤੇ ਦੀ ਹੋਂਦ ਹਸਤੀ ਦਾ ਪ੍ਰਗਟਾਵਾ ਕੀਤਾ ਹੈ। ਗੁਰੂ ਨਾਨਕ ਸਾਹਿਬ ਨੇ ਜਪੁ ਜੀ ਸਾਹਿਬ ਦੀਆਂ ਪਹਿਲੀਂਆਂ 33 ਪੌੜੀਆਂ ਰਾਹੀ ਕਰਤੇ ਦੇ ਹੁਕਮ ਵਿਚ ਕ੍ਰਿਤ (ਕੁਦਰਤ) ਦੁਆਰਾ ਸ੍ਰਿਸਟੀ ਤੇ ਸੰਸਾਰ ਦੀ ਖੇਡ ਦੇ ਅਸੀਮ ਪਸਾਰੇ ਉਪਰੰਤ ਬੇਅੰਤ ਰਚਨਾ ਅਤੇ ਅਨੰਤ ਰੂਪ ਵਿਚ ਅਮੁਲ ਗੁਣਾਂ ਦੇ ਖਜਾਨੇ ਦਾ ਭਰਪੂਰ ਖਲਾਸਾ ਕੀਤਾ ਹੈ। 34 ਵੀ ਪੌੜੀ ਜੋ ਵਾਸਤਵ ਵਿਚ ਪੜਾਅ ਹੈ ਇਸ ਕਰਕੇ ਗੁਰੂ ਨਾਨਕ ਸਾਹਿਬ ਨੇ 33 ਪੌੜੀਆਂ ਚ ਕਰਤੇ ਦੀ ਖੇਡ ਦਾ ਵਿਸਥਾਰ ਨਾਲ ਖਲਾਸਾ ਕਰਕੇ ਮਨੁੱਖੀ ਜਾਮੇਂ ਨੂੰ ਧਰਮਸਾਲ ਦੇ (34 ਵੀ ਪੌੜੀ) ਪੜਾਅ ਵਿਚ ਉਤਾਰਿਆ, ਜਿਥੇ ਮਨੁੱਖ ਨੇ ਪਦਾਰਥਾਂ ਦੇ ਭਡੰਾਰ ਅਤੇ ਮਾਇਆ ਜਾਲ ਵਿਚ ਧਰਮ ਕਮਾਉਣਾ ਹੈ। ਧਰਮਸਾਲ (ਧਰਮ ਖੰਡ) ਵਾਸਤਵ ਵਿਚ ਅੰਧੇਰ ਖੰਡ ਹੈ, ਕਿਉਕਿ ਅੰਧੇਰ ਖੰਡ ਵਿਚ ਮਨੁੱਖ ਨੂੰ ਆਪਣੇ ਕੀਤੇ ਕਰਮਾ ਦਾ ਦਰਗਾਹ ਵਿਚ ਪ੍ਰਵਾਨਗੀ ਦਾ ਕੋਈ ਅਤਾ ਪਤਾ ਹੀ ਨਹੀ ਹੁੰਦਾ। ਇਸ ਕਰਕੇ ਹੀ ਗੁਰੂ ਨਾਨਕ ਸਾਹਿਬ ਨੇ ਧਰਮ ਖੰਡ ਦੇ ਭੇਦ ਨੂੰ ਗਿਆਨੀ ਪੁਰਸ਼ਾ ਦੇ ਗਿਆਨ ਉਤੇ ਛਡ ਦਿੱਤਾ, ਜੋ ਕਿ ਗਿਆਨੀ ਲੋਕ ਆਪੇ ਸਮਝ ਜਾਣ ਗੇ।

ਅੰਧੇਰ ਖੰਡ ਵਿਚ ਧਰਮ ਕਮਾਉਣ ਵਾਲਾ ਕੋਈ ਵੀ ਜੁਗਿਆਸੂ ਜਦੋਂ ਪਰਖ ਦੀ ਕਸੌਵੀ ਤੇ ਖਰਾ ਉਤਰਦਾ ਹੈ। ਭਾਵ ਧਰਮ ਦੀ ਬਾਜੀ ਜਿਤ ਕੇ ਦਰਗਾਹ ਪ੍ਰਵਾਨ ਹੋਣ ਉਪਰੰਤ ਹੀ ਕੋਈ ਵਿਰਲਾ ਸੰਤ ਜਨ ਅਗਲੇ ਪੜਾਅ ਗਿਆਨ ਖੰਡ ਦਾ ਪਾਤਰ ਬਣਦਾ ਹੈ। ਇਸੇ ਤਰਾਂ ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਸੱਚ ਖੰਡ (ਲੀਨ ਹੋਣ ਦੀ ਅਵਸਥਾ) ਤਕ ਪਹੁੰਚਣ ਦਾ ਇਹ ਪਹਿਲਾ ਤੇ ਆਖਰੀ ਸਾਧਨ ਹੈ। ਗੁਰੂ ਮੱਤ ਅਨੁਸਾਰ, ਮਨੁੱਖੀ ਜਾਮੇਂ ਦਾ ਮੁੱਖ ਮੰਤਵ ਇਸ ਸਿਖਰ ਦੀ ਅਵਸਥਾ (ਸੱਚ ਖੰਡ) ਨੂੰ ਇਕ ਸਚਿਆਰੇ ਪੁਰਸ਼ ਨੇ ਜੀਵਦਿਆਂ ਹੀ ਹੰਢਾਉਣਾ ਹੈ ਜਦ ਕਿ ਹੋਰ ਮੱਤਾਂ ਵਿੱਚ ਸਵਰਗ, ਜਨੰਤ (ਬਹਿਸਤ) ਤੇ ਹੈਵਨ ਆਦ ਦੀ ਕਲਪਨਾ ਮਰਨ ਉਪਰੰਤ ਹੀ ਮੰਨੀ ਜਾਂਦੀ ਹੈ। ਇਸ ਸਤਿ ਦੀ ਅਵਸੱਥਾ ਨੂੰ ਰੂਹ ਦੀ ਉਡਾਰੀ ਕਹਿਣ ਵਾਲੇ ਕਿਨੇ ਕੁ ਦ੍ਰਿਬ ਦ੍ਰਿਸ਼ਟੀ ਦੇ ਮਾਲਕ ਹੋਣਗੇ ਇਹ ਤਾਂ ਓਹੀ ਜਾਣਦੇ ਹਨ, ਪਰ ਗੁਰੂ ਨਾਨਕ ਸਾਹਿਬ ਨੇ ਇਸ ਕਠਨ ਮਾਰਗ ਨੂੰ ਕਰੜਾ ਸਾਰ ਦਾ ਨਾਮ ਦੇਕੇ ਮਨੁੱਖ ਨੂੰ ਪੂਰਾ ਪੂਰਾ ਸਾਵਧਾਨ ਕੀਤਾ ਹੈ। ਬਾਣੀ ਜਪੁਜੀ ਸਾਹਿਬ ਕੋਈ ਪਾਠ ਪੂਰਤੀ ਨਹੀਂ? ਸ੍ਰਿਸ਼ਟੀ ਅਤੇ

ਸੰਸਾਰ ਦੀ ਖੇਡ ਦਾ ਬਹੁਤ ਬਰੀਕੀ ਨਾਲ ਖੁਲਾਸਾ ਹੈ। ਗੁਰੂ ਨਾਨਕ ਸਾਹਿਬ ਨੇ ਜਪੁ ਜੀ ਸਾਹਿਬ ਦੇ ਅੰਤਲੇ ਸਲੋਕ ਰਾਹੀਂ ਧਰਮਸਾਲ (ਧਰਮ ਖੰਡ) ਵਿਚ ਮਨੁੱਖ ਦੇ ਕਿਰਤ ਕਰਮ ਦੇ ਰੋਲ ਦੀ ਮੋਹਰਬੰਦ ਛਾਪ ਲਾਈ ਅਤੇ ਜਪੁ ਜੀ ਸਾਹਿਬ ਦੇ ਰੂਪ ਵਿਚ ਆਬੇ ਹਿਆਤ ਕੁੰਡ ਦੀ ਸਥਾਪਨਾ ਕਰਕੇ ਮਨੁਖ ਦੇ ਸਦੀਵੀਂ ਸੁਖ ਲਈ ਨਵਾਂ ਰਾਹ ਖੋਲਿਆ, ਜੋ ਧਰਮ ਦੀ ਦੁਨੀਆਂ ਵਿਚ ਪਹਿਲੀ ਵਾਰ ਹੈ। ਗੁਰੂ ਗ੍ਰੰਥ ਸਾਹਿਬ ਦੀ ਮੁੱਖ ਬਾਣੀ ਜਪੁ ਜੀ ਸਾਹਿਬ ਕੁੱਜੇ ਵਿਚ ਸੰਮੁਦਰ ਦਾ ਦਰਜਾ ਰਖਦੀ ਹੈ। ਕ੍ਰਿਤ (ਕੁਦਰਤ) ਰਾਹੀਂ ਕਰਤੇ ਦੀ ਖੇਡ ਦੇ ਗੁੱਝੇ ਭੇਦ ਜੋ ਕੁੱਜੇ ਵਿਚ ਬੰਦ ਹਨ। ਗੁਰੂ ਗ੍ਰੰਥ ਸਾਹਿਬ ਦੇ ਚੌਦਾਂ ਸੌ ਤੀਹ ਪੰਨੇ ਇਸ ਭੇਦ ਨੂੰ ਗਿਆਨ ਦੁਆਰਾ ਖੋਲਣ ਲਈ ਜਪੁਜੀ ਸਾਹਿਬ ਦੀ ਵਾਰ ਵਾਰ ਪ੍ਰਕਰਮਾ ਕਰਦੇ ਹਨ। ਤਾਂ ਜੋ ਮਨੁੱਖ ਗਿਆਨ ਦਾ ਪਾਤਰ ਬਣਕੇ ਅੰਧੇਰ ਖੰਡ ਤੋਂ ਛੁਟਕਾਰਾ ਪਾ ਸਕੇ।

**ਕੜਵਾ ਸੱਚ ਦੀ ਲੇਖਣੀ ਵਿਚ ਕਟ ਲਈ ਮੁਆਫੀ ਦੇ ਜਾਚਕ ਹਾਂ।**

## ਸੰਸਾਰ ਦੇ ਸਭ ਤੋਂ ਨਵੇਂ ਮੱਤ ਦਾ ਮੂਲ ਸਿਧਾਂਤ ਧਰਮ ਦੀ ਦੁਨੀਆਂ ਵਿਚ ਭਗਤਾਂ ਸਮੇਤ ਸਭ ਤੋਂ ਨਵੇਂ ਨਾਨਕ ਮੱਤ ਦੇ ਸ਼ੰਪਾਦਕਾਂ ਦਾ ਮਾਨਵ-ਜਾਤੀ ਦੇ ਭਲੇ ਲਈ ਧਰਮ ਤੇ ਪਰਮ ਪੁਰਖ ਪ੍ਰਮਾਤਮਾ ਪ੍ਰਤੀ ਅਨਭਵ, ਅਤੇ ਸਦੀਵੀਂ ਸੁਖ ਲਈ ਪ੍ਰਾਪਤੀ ਦਾ ਮਾਰਗ।

ਗਿਆਨ ਸਿਖਰ ਦੀ ਅਵਸਥਾ ਦਾ ਇਕ ਅਹਿੰਮ ਪੜਾਅ ਹੈ, ਜਿਥੇ ਸਚੋ ਸੱਚ ਦੀ ਅਸਲੀਅਤ ਦਾ ਪਤਾ ਲਗਦਾ ਹੈ। ਗਿਆਨ ਇਕ ਐਸਾ ਪੱੜਾ ਹੈ, ਜਿਥੇ ਰੋਸ਼ਨੀ ਹੀ ਰੋਸ਼ਨੀ ਹੈ। ਜਿਥੇ ਸਾਰੇ ਭਰਮ ਭੁਲੇਖੇ ਤੇ ਸ਼ੰਕੇ ਆਦ ਮਿੱਟ ਜਾਂਦੇ ਹਨ। ਜਿਥੇ ਦੋਸਤ ਦੁਸ਼ਮਨ ਦੀ, ਅਸਲ ਨਕਲ ਦੀ, ਸੱਚ ਝੂਠ ਦੀ, ਕਚੇ ਪਕੇ ਦੀ, ਖਰੇ ਖੋਟੇ ਦੀ ਪਛਾਣ ਹੋ ਜਾਂਦੀ ਹੈ। ਗਿਆਨ ਇਕ ਐਸੀ ਅਵਸਥਾ ਹੈ ਜਿਥੇ ਭਵੀਖ ਦੀਆਂ ਚਣੌਤੀਆਂ ਨਾਲ ਭਿੜਨ ਦੀ ਸਮਝ ਆ ਜਾਂਦੀ ਹੈ। ਗਿਆਨ ਤੋਂ ਬਿੰਨਾ ਮਨੁੱਖੀ ਜਾਮੇਂ ਵਿਚ ਘੋਰ ਅੰਧੇਰਾ ਹੀ ਅੰਧੇਰਾ ਹੈ ਅਤੇ ਆਵਾ-ਗਉਣ ਦੇ ਦੁਖਾਂ ਤੋਂ ਛੁਟਕਾਰਾ ਵੀ ਨਹੀਂ? ਸਾਰੇ ਭਗਤਾਂ ਤੇ ਦਸ ਗੁਰੂ ਸਾਹਿਬਾਨ ਨੇ ਧਰਮ ਮਾਰਗ ਦਾ ਕੇਦੰਰ ਬਿੰਦੂ ਗਿਆਨ ਹੀ ਮੰਨਿਆਂ ਹੈ।

ਅੰਧਕਾਰ ਤੋਂ ਬਚਾਉਣ ਲਈ ਸਾਰੇ ਭਗਤਾਂ ਅਤੇ ਸਾਰੇ ਗੁਰਆਂ ਨੇ ਆਪਣੇ ਬਚਨਾਂ ਰਾਹੀਂ ਜੁਗਿਆਸੂ ਨੂੰ ਗਿਆਨ ਪੱੜਾ ਬਾਰੇ ਪੂਰਾ ਪੂਰਾ ਸੁਚੇਤ ਕੀਤਾ ਹੈ। ਗਿਆਨ, ਅਗਿਆਨ ਦੀ ਅੰਤਰਤਾ, ਅਚੇਤ ਜੀਵਨ ਤੇ ਚੇਤੰਨ ਅਵਸੱਥਾ ਬਾਰੇ ਪੂਰੀ ਤਰਾਂ ਜਾਗਰੂਕ ਕੀਤਾ ਹੈ। ਕੋਈ ਭੁਲੇਖਾ ਨਹੀ ਛਡਿਆ।

ਗਿਆਨੀ ਹੋਇ ਸੁ ਚੇਤਨੁ ਹੋਇ ਅਗਿਆਨੀ ਅੰਧੁ ਕਮਾਇ॥ ਪੰਨਾ 556
ਇਹੋ ਜਗ ਅੰਧਾ ਸਭ ਅੰਧ ਕਮਾਵੈ, ਬਿਨ ਗੁਰ ਮਗੁ ਨਾ ਪਾਏ॥
ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ॥
ਵਿਨੁ ਡਿਠੇ ਕਿਆ ਸਲਾਹੀਐ ਅੰਧਾ ਅੰਧੁ ਕਮਾਇ॥ (646)

**ਕੜਵਾ ਸੱਚ ਦੀ ਲੇਖਣੀ ਵਿਚ ਕਟ ਲਈ ਮੁਆਫੀ ਦੇ ਜਾਚਕ ਹਾਂ।**

ਅਚੇਤ ਜੀਵਨ (ਪਸ਼ੂ ਜੀਵਨ) ਜੀਉ ਰਹੇ ਮਨੁੱਖ ਨੂੰ ਪੱੜਾ ਦਰ ਪੱੜਾ ਸਪੂੰਰਨ ਮਨੁੱਖ ਦੀ ਜੋ ਰੂਪ ਰੇਖਾ ਗੁਰੂ ਨਾਨਕ ਸਾਹਿਬ ਨੇ ਬਣਾਈ ਸੀ, ਉਪਰੰਤ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤਕ ਲੱਗ ਭੱਗ 2 ਸਦੀਆਂ ਸਾਰੇ ਗੁਰੂ ਸਾਹਿਬਾਨ ਨੇ ਮਨੁੱਖੀ ਜੀਵਨ ਨੂੰ ਰੋਸ਼ਨਾਉਣ ਦੇ (ਗਿਆਨ- ਵਾਨ) ਮੰਤਵ ਨਾਲ ਆਪ ਸੰਪੂਰਨ ਮਨੁੱਖ ਦੇ ਰੂਪ ਵਿਚ ਅਮਲੀ ਜੀਵਨ ਜੀਉਣ ਅਤੇ ਇਲਾਹੀ ਹੋਕੇ ਰਾਹੀਂ ਐਸੇ ਹਲੂਣੇ ਦਿਤੇ ਕਿ ਸਿੱਖ ਸੇਵਕਾਂ ਨੂੰ ਪਰੱਖ ਦੀ ਕਸੌਟੀ ਦੇ ਕੰਢੇ ਲਿਆ ਖੜਾ ਕੀਤਾ। ਦਸ਼ਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨ ਮਨੁੱਖ ਦੀ ਰੂਪ

ਰੇਖਾ ਨੂੰ ਅਮਲੀ ਰੂਪ ਦੇਣ ਵਿਚ ਜੋ ਕੌਤਕ ਰਚਿਆ,ਬੜੇ ਹੀ ਅਚੰਭੇ ਦੀ ਗਲ ਹੈ। ਜਿਸ ਦਾ ਇਥੇ ਟੂਕ ਮਾਤਰ ਜਿਕਰ ਕਰਨਾ ਬਹੁਤ ਹੀ ਜਰੂਰੀ ਹੈ।

ਜੁਗਿਆਸੂ ਲੋਕਾਂ ਦਾ ਰੋਮ ਰੋਮ, ਦਸ਼ਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਰਉਪਕਾਰਾਂ ਦਾ ਦੇਣਦਾਰ ਹੈ ਜਦ ਗੁਰਦੇਵ ਪਿਤਾ ਨੇ ਮਨੁੱਖ ਨੂੰ ਸੰਪੂਰਨ ਮਨੁੱਖ ਬਨਾਉਣ ਦੇ ਮੰਤਵ ਨਾਲ ਚੌਬੀ ਸਾਲ ਦੀ ਕਰੜੀ ਘਾਲਣਾ ਦੁਆਰਾ ਜੋ ਵਿਉਂਤ-ਬੰਦੀ ਕੌਤਕ ਰਚਿਆ, ਉਸ ਤੋਂ ਸਿੱਖ ਇਤਿਹਾਸ ਵਾਂਝਾ ਰਹਿ ਗਿਆ। ਗੁਰੂ ਇਤਿਹਾਸ ਦਾ ਇਹ ਗੁੱਝਾ ਭੇਦ ਹੈ ਜਦ ਗੁਰੂ ਦਸ਼ਮ ਪਾਤਸ਼ਾਹ ਨੇ ਸੱਦਾ ਪੱਤਰ ਭੇਜ ਕੇ ਦੇਸ਼ ਦੇ ਕੋਨੇ ਕੋਨੇ ਵਿਚੋਂ ਸਿੱਖ ਸੰਗਤਾਂ ਨੂੰ ਮਿਥੇ ਪ੍ਰੋਗਰਾਮ ਅਨੁਸਾਰ ਸੋਲਾਂ ਸੌ ਨਿਆਨਵੇਂ (1699) ਵਿਸਾਖੀ ਦੇ ਦਿਨ ਸ੍ਰੀ ਅੰਨਦ ਪੁਰ ਸਾਹਿਬ ਬੁਲਾਇਆ ਸੀ।

ਉਸ ਦਿਨ ਸਿੱਖ ਸੰਗਤਾਂ ਦੇ ਭਾਰੀ ਇਕੱਠ ਦਾ ਧਨਵਾਦ ਕਰਨ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲਾਂ ਧਰਮੀ ਸੂਰਬੀਰ ਯੋਧਿਆਂ ਦੀ ਗਾਥਾ ਬਾਰੇ ਚਰਚਾ ਕੀਤੀ, ਜਿਨਾਂ ਨੇ ਮਨੁੱਖੀ ਅਧਿਕਾਰਾਂ ਦੀ ਰਖਿਆ ਅਤੇ ਅਨਿਆ ਵਿਰੁਧ ਆਪਣੇ ਆਪ ਨੂੰ ਨਿਛਾਵਰ ਕਰ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦੇਸ਼ ਦੇ ਮੌਜੂਦਾ ਹਾਲਾਤ ਬਾਰੇ ਚਰਚਾ ਕਰਦੇ ਹੋਏ ਆਖਿਆ, ਕਿ ਦੇਸ਼ ਵਿਚ ਜਬਰ ਜ਼ੁਲਮ, ਸਾਰੇ ਹੱਦ ਬੱਨੇ ਟਪ ਗਿਆ ਹੈ। ਦੇਸ਼ ਦੇ ਕੋਨੇ ਕੋਨੇ ਵਿਚ ਅਨਿਆ ਤੇ ਅਤਿਆਚਾਰ ਦੀ ਹਾਹਾ-ਕਾਰ ਅਤੇ ਜੋਰ ਜ਼ੁਲਮ ਕਾਰਣ ਕਿਸੇ ਦੇ ਜਾਨ ਮਾਲ ਦੀ, ਕਿਸੇ ਦੀ ਧੀ ਭੇਣ ਅਤੇ ਬਹੁ ਬੇਟੀ ਦੀ ਇਜ਼ੱਤ ਆਬਰੂ ਸੁਰਖਿਅਤ ਨਹੀ? ਕਿਸੇ ਦਾ ਧਰਮ ਈਮਾਨ ਮਹਿਫੂਜ਼ ਨਹੀਂ। ਹਿੰਦੂ ਰਾਜੇ ਜ਼ਾਲਮ ਹਕੂਮਤ ਅਗੇ ਨਿਮਾਣੇ ਪੈ ਗਏ ਹਨ। ਹਰ ਧਰਮ ਦੇ ਆਗੂ ਜ਼ਬਰ ਜੁਲਮ ਦੇ ਖੁਸ਼ਾਮਤੀ ਬਣ ਚੁਕੇ ਹਨ। ਮਜ਼ਹਬ ਦੇ ਨਾਮ ਤੇ ਬੇਰਹਿਮ ਹਾਕਮਾਂ ਦੀਆਂ ਜਨੂਨੀ ਨੀਤੀਆਂ ਨੂੰ ਰੋਕਣ ਦਾ ਹੋਰ ਕੋਈ ਚਾਰਾ ਨਹੀਂ ਰਿਹਾ। ਪੂਰੇ ਦੇਸ਼ ਵਿਚੋਂ ਸਾਰੇ ਸਿੱਖ ਸੇਵਕਾਂ ਨੂੰ ਸੱਦਾ ਪਤ੍ਰ ਭੇਜਕੇ ਅੰਨਦ ਪੁਰ ਸਾਹਿਬ ਬਲਾਉਣ ਦਾ ਮੁੱਖ ਮੰਤਵ ਹਿੰਦੀਆਂ ਉੱਤੇ ਹਕੂਮਤ ਦੇ ਜਬਰ ਜ਼ੁਲਮ ਅਤੇ ਜਨੂਨੀ ਨੀਤੀਆਂ ਨੂੰ ਰੋਕਣਾ ਹੈ ਅਤੇ ਧਰਮ ਨੂੰ ਬਚਾਉਣਾ ਹੈ।

ਗੁਰੂ ਦਰਬਾਰ ਵਿਚ ਪਹਿਲੀ ਵਾਰੀ ਇਨੇ ਵੱਡੇ ਇਕੱਠ ਨੂੰ ਦਸ਼ਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਬਚਨ ਖਲੋ ਕੇ ਕੀਤੇ। ਜਾਹੋ ਜਲਾਲ ਵਿਚ ਆਏ ਗੁਰੂ ਗੋਬਿੰਦ ਸਿੰਘ ਜੀ ਨੇ ਮਿਆਨ ਵਿੱਚੋਂ ਤਲਵਾਰ ਕੱਢਕੇ ਹਵਾ ਵਿਚ ਲਹਿਰਾਉਂਦੇ ਹੋਏ ਉੱਚੀ ਆਵਾਜ਼ ਵਿਚ ਸਿੱਖ ਸੰਗਤ ਨੂੰ ਸੰਬੋਧਨ ਕਰਦੇ ਹੋਏ ਆਖਿਆ, ਕਿ ਦੁਖੀ ਮਜ਼ਲੂਮਾਂ ਦੀ ਰਖਿਆ ਅਤੇ ਧਰਮ ਨੂੰ ਬਚਾਉਣ ਲਈ ਅਕਾਲ ਪੁਰਖ ਵਲੋਂ ਬਲੀ-ਦਾਨ ਦਾ ਹੁਕਮ ਹੋਇਆ ਹੈ। ਇਹ ਸ਼ਬਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬੜੀ ਹੀ ਗੰਭੀਰਤਾ ਨਾਲ ਆਖੇ ਕਿ ਧਰਮ ਲਈ ਬਲੀ ਦੇਣ ਵਾਲੇ ਸਿੱਖ ਸੱਚੀ ਦਰਗਾਹ ਪ੍ਰਵਾਨ ਹੋਣਗੇ। ਇਸੇ ਦੌਰਾਨ ਹੀ ਹਥ ਵਿਚ ਨੰਗੀ ਤਲਵਾਰ ਲਹਿਰਾਉਂਦੇ ਹੋਏ ਇਕ ਸਿਰ ਦੀ ਮੰਗ ਕੀਤੀ। ਗੁਰੂ ਦਰਬਾਰ ਵਿਚ ਪਹਿਲੀ ਵਾਰ ਐਸਾ ਦੇਖ ਕੇ ਕੁਝ ਸਨਾਟਾ ਜਿਹਾ ਛਾ ਗਿਆ, ਪਰ ਬਿਨਾਂ ਦੇਰੀ ਕੀਤੇ ਸੰਗਤ ਵਿਚੋਂ ਇਕ ਸ਼ਰਧਾਲੂ ਉਠਿਆ ਅਤੇ ਗੁਰੂ ਸਾਹਿਬ ਦੇ ਸਨਮੁੱਖ ਆ ਖਲੋਤਾ। ਗੁਰੂ ਸਾਹਿਬ ਉਸ ਨੂੰ ਪਿਛੇ ਤੰਬੂ ਵਿਚ ਲੇ ਗਏ। ਹੱਥ ਵਿਚ ਖੂਨ ਭਿਜੀ ਤਲਵਾਰ ਲੈ ਕੇ ਮੁੜ ਸਟੇਜ ਉਤੇ ਪਰਤੇ ਤੇ ਇਕ ਹੋਰ ਸਿਰ ਦੀ ਮੰਗ ਕੀਤੀ। ਸੰਗਤ ਵਿਚੋਂ ਇਕ ਹੋਰ ਸ਼ਰਧਾਲੂ ਉਠਿਆ ਅਤੇ ਗੁਰੂ ਸਾਹਿਬ ਦੇ ਸਨਮੁੱਖ ਆ ਖਲੋਤਾ। ਗੁਰੂ ਸਾਹਿਬ ਉਸ ਨੂੰ ਵੀ ਤੰਬੂ ਅੰਦਰ ਲੇ ਗਏ। ਇਸੇ ਤਰਾਂ ਤਿੰਨ ਵਾਰੀ ਇਕ ਇਕ ਸਿਰ ਦੀ ਮੰਗ ਕਰਕੇ ਤਿੰਨ ਹੋਰ ਸ਼ਰਧਾਲੂਆਂ ਨੂੰ ਤੰਬੂ ਵਿਚ ਲੇ ਗਏ। ਇਨ੍ਹਾਂ ਦੇ ਨਾਮ ਮਿਠੂ ਰਾਮ. ਲਡੂ ਪ੍ਰਸ਼ਾਦ, ਤੋਤਾ ਰਾਮ, ਯਾ ਰੁਲਿਆ ਰਾਮ ਆਦਿ ਆਦਿ ਕਿਆ ਸਨ ਇਹ ਕੋਈ ਨਹੀਂ ਜਾਣਦਾ। ਵਿਉਂਤ-ਬੰਦੀ ਯੋਜਨਾ ਤਹਿਤ ਗੁਰੂ ਸਾਹਿਬ ਨੇ ਤੰਬੂ ਅੰਦਰ ਇਨਾਂ ਪੰਜਾਂ ਨੂੰ ਖੰਡੇ ਬਾਟੇ ਰਾਹੀਂ ਗੁਰੂ ਦੀਖਿਆ ਬਖਸ਼ ਕੇ ਲੀਨ ਹੋਣ ਦੀ ਅਵੱਸਥਾ ਦਾ ਰੱਬੀ ਗਿਆਨ

ਦਿੱਤਾ। ਗੁਰੂ ਸਾਹਿਬ ਨੇ ਆਪਣੇ ਸਭ ਤੋਂ ਪਿਆਰਿਆਂ ਨੂੰ ਪੂਰੇ ਸ਼ਸ਼ਤਰਾਂ ਬਸਤਰਾਂ ਨਾਲ ਸਿੰਘ ਸਜਾਇਆ ਅਤੇ ਆਪ ਵੀ ਇਨ੍ਹਾਂ ਦੇ ਸਰੂਪ ਵਿਚ ਪੰਜਾਂ ਨੂੰ ਨਾਲ ਲੈਕੇ ਤੰਬੂ ਤੋਂ ਬਾਹਰ ਸੰਗਤਾਂ ਦੇ ਰੂ-ਬਰੂ ਹੋਕੇ ਫਤਹਿ ਬੁਲਾਈ।

ਹੁਣ ਸੰਗਤ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਅਕਾਲ ਪੁਰਖ ਨੇ ਆਪਣੇ ਹੁਕਮ ਵਿਚ ਮੈਨੂੰ ਜਿਸ ਕਾਰਜ ਲਈ ਇਸ ਜਗਤ ਚ ਭੇਜਿਆ ਸੀ, ਅਕਾਲ ਪੁਰਖ ਦੀ ਦਯਾ ਨਾਲ ਕਾਰਜ ਸੰਪੂਰਨ ਹੋਇਆ ਹੈ। ਅਕਾਲ ਪੁਰਖ ਦਾ ਕੋਟਨ ਕੋਟ ਧਨਵਾਦ। ਦਿਯਾਲੂ ਕ੍ਰਿਪਾਲੂ ਗੁਰੂ ਪਿਤਾ ਨੇ ਬੜੇ ਪਿਆਰ ਨਾਲ ਸੰਗਤ ਨੂੰ ਸਮਝਾਉਣਾ ਕੀਤਾ, ਕਿ ਪਾਰਬ੍ਰਹਮ ਪ੍ਰਮੇਸ਼ਵਰ ਨੇ ਮੈਨੂ ਨੇੜੇ ਤੋਂ ਸਮਝਾਇਆ ਹੈ। ਕਿ ਜਦ ਤੋਂ ਮੈਂ ਸ੍ਰਿਸ਼ਟੀ ਬਣਾਈ ਹੈ। ਦੈਂਤ ਅਤੇ ਦੇਵਤੇ ਵੀ ਬਣਾਏ ਹਨ, ਪਰ ਦੈਂਤ ਆਪਣੇ ਬਲ ਬੂਤੇ ਨਾਸ ਕਰੀਂ ਜਾਂਦੇ ਹਨ। ਦੇਵਤੇ ਮੈਨੂ ਭੁਲਕੇ ਆਪਣਾ ਨਾਮ ਜਪਾਉਣ ਵਿਚ ਹੀ ਲਗੇ ਰਹਿੰਦੇ ਹਨ। ਇਸ ਕਰਕੇ ਪਾਪ ਵਧਦਾ ਜਾ ਰਿਹਾ ਹੈ। ਪਾਰਬ੍ਰਹਮ ਪਰਮੇਸ਼ਵਰ ਦੀ ਮੈਨੂੰ ਆਗਿਆ ਭਈ ਹੈ, ਕਿ ਆਪ ਸੰਸਾਰ ਵਿਚ ਜਾਕੇ ਖਾਲਸ ਮਨੁੱਖ ਦੀ ਸਿਰਜਨਾ ਕਰੋ। ਜੋ ਸੰਸਾਰ ਦੀ ਕਿਸੇ ਹੋਰ ਸ਼ਕਤੀ ਨੂੰ ਨਾ ਮੰਨੇ। ਸਿਰਫ ਮੇਰਾ (ਅਕਾਲ ਪੁਰਖ) ਮਨੰਨ ਕਰੇ। ਜੋ ਕੁਝ ਅਜ ਹੋਇਆ ਹੈ ਅਕਾਲ ਪੁਰਖ ਦੀ ਆਗਿਆ ਦੇ ਹੁਕਮ ਵਿਚ ਹੋਇਆ ਹੈ। ਅਕਾਲ ਪੁਰਖ ਨੇ ਦਇਆ ਕਰਕੇ ਆਪਣਾ ਕਾਰਜ ਆਪ ਕਰਵਾਇਆ ਹੈ।

ਦਾਤਾਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੀ ਦਯਾ ਦੇ ਸ਼ੁਕਰਾਨੇ ਵਜੋਂ ਸਭ ਤੋਂ ਪਹਿਲਾਂ ਸਿਰ ਦੇਣ ਵਾਲੇ ਸਿੱਖ ਵੱਲ ਇਸ਼ਾਰਾ ਕਰਦੇ ਹੋਏ ਊਚੀ ਅਵਾਜ ਵਿਚ ਆਖਿਆ ਕਿ ਇਹ ਮੇਰਾ ਸਿੱਖ ਦਯਾ ਸਿੰਘ ਹੈ। ਅਕਾਲ ਪੁਰਖ ਦੀ ਦਇਆ ਹੋਈ ਹੈ। ਇਸ ਕਰਕੇ ਮੈਨੂੰ ਉਹ ਸਿੱਖ ਬਹੁਤ ਪਿਆਰਾ ਹੈ, ਜੋ ਦਇਆ-ਵਾਨ ਹੋਵੇ ਅਤੇ ਦੂਸਰਿਆਂ ਦੇ ਦੁਖਾਂ ਵਿਚ ਸਹਾਈ ਹੋਵੇ, ਭਾਵ ਮੇਰਾ ਸਿੱਖ ਦਇਆ ਨੂੰ ਆਪਣੇ ਜੀਵਨ ਦਾ ਅੰਗ ਬਣਾਵੇ। ਫਿਰ ਦੂਸਰੇ ਸਿੱਖ ਵੱਲ ਇਸ਼ਾਰਾ ਕਰਕੇ ਆਖਿਆ ਕਿ ਇਹ ਮੇਰਾ ਸਿੱਖ ਧਰਮ ਸਿੰਘ ਹੈ। ਅਕਾਲ ਪੁਰਖ ਨੇ ਦਯਾ ਕਰਕੇ ਧਰਮ ਦਾ ਮੇਲ ਮਲਾਇਆ ਹੈ। ਦਯਾ ਨੇ ਧਰਮ ਨੂੰ ਹੋਂਦ ਵਿਚ ਲਿਆਂਦਾ ਹੈ। ਮੈਨੂੰ ਉਹ ਸਿੱਖ ਬਹੁਤ ਪਿਆਰਾ ਹੈ। ਜੋ ਜੀਵਨ ਜੀਉਣ ਦੇ ਨਿਯਮਾਂ (ਧਰਮ) ਦੀ ਪਾਲਨਾ ਕਰਦਾ ਹੋਵੇ। ਕਹਿਣੀ ਕਰਨੀ ਵਿਚ ਪੱਕਾ ਧਰਮੀ ਹੋਵੇ। ਹੁਣ ਤੀਸਰੇ ਸਿੱਖ ਵੱਲ ਇਸ਼ਾਰਾ ਕਰਕੇ ਆਖਿਆ ਕਿ ਇਹ ਮੇਰਾ ਸਿੱਖ ਹਿਮੰਤ ਸਿੰਘ ਹੈ। ਮੈਨੂੰ ਐਸੇ ਸਿੱਖ ਬਹੁਤ ਪਿਅਰੇ ਹਨ, ਜੋ ਦਯਾ ਧਰਮ ਤੇ ਹਿੰਮਤ ਵਾਲੇ ਹੋਣ। ਜੋ ਆਲਸੀ ਨਾ ਹੋਣ, ਦਸਾਂ ਨੌਹਾਂ ਦੀ ਕਿਰਤ ਕਰਨ ਦੀ ਹਿਮੰਤ ਰੱਖਦੇ ਹੋਣ। ਫਿਰ ਚੌਥੇ ਸਿੱਖ ਵੱਲ ਇਸ਼ਾਰਾ ਕਰਕੇ ਆਖਿਆ ਕਿ ਇਹ ਮੇਰਾ ਸਿੱਖ ਮੋਹਕਮ ਸਿੰਘ ਹੈ। ਮੈਨੂੰ ਇਹ ਸਾਰੇ ਸਿੱਖ ਬਹੁਤ ਪਿਆਰੇ ਹਨ ਜੋ ਦਇਆ ਧਰਮ ਵਾਲੇ ਹਿਮੰਤੀ ਅਤੇ ਆਤਮ ਵਿਸ਼ਵਾਸੀ ਹੋਣ, ਜਿਨਾਂ ਦੇ ਜੀਵਨ ਕਿਰਦਾਰ ਤੋਂ ਵਿਚਾਰ ਤੋਂ ਅਤੇ ਵਿਵਹਾਰ ਤੋਂ ਰੱਬੀ ਗੁਣਾਂ ਦੀ ਮਹਿਕ (ਝ਼ਲੱਕ) ਆਉਦੀ ਹੋਵੇ। ਹੁਣ ਪੰਜਵੇਂ ਸਿੰਘ ਵੱਲ ਇਸ਼ਾਰਾ ਕਰਕੇ ਆਖਿਆ ਕਿ ਇਹ ਸਾਰੇ ਰੱਬੀ ਗੁਣਾਂ ਵਾਲਾ ਸਿੱਖ ਮੇਰਾ ਆਪਣਾ ਖਾਸ ਸਰੂਪ ਸਾਹਿਬ ਸਿੰਘ ਹੈ। ਇਹ ਸਾਰੇ ਗੁਣਾਂ ਵਾਲੇ ਸਿੰਘਾਂ ਵਿਚ ਅਤੇ ਮੇਰੇ ਵਿਚ ਹੁਣ ਕੋਈ ਭੇਦ ਨਹੀਂ? ਜਾਤ ਪਾਤ ਦੇ ਭੇਦ ਭਾਵ ਤੋਂ ਰਹਿਤ ਪੰਜੇ ਗੁਣਾਂ ਵਾਲੇ ਸਿੰਘ ਹੁਣ ਖਾਲਸਾ ਰੂਪ ਹਨ। ਇਹ ਸਾਰੇ ਰੱਬੀ ਗੁਣ ਸਿੱਖ ਦੀ ਰਹਿਤ ਹਨ। ਰਹਿਤ ਮੈਨੂੰ ਬਹੁਤ ਪਿਆਰੀ ਹੈ। ਇਨਾਂ ਰੱਬੀ ਗੁਣਾਂ ਦੀ ਰਹਿਤ ਰੱਖਣ ਵਾਲਾ ਆਪ ਸਾਹਿਬ ਜੋਤ ਸਰੂਪ ਹੈ। ਕੋਈ ਵੀ ਸਿੱਖ (ਇਸਤਰੀ ਪੁਰਸ਼) ਇਨ੍ਹਾਂ ਰੱਬੀ ਗੁਣਾਂ ਦੀ ਰਹਿਤ ਦਾ ਧਾਰਨੀ ਬਣ ਕੇ ਆਪ ਸਾਹਿਬ ਰੂਪ ਖਾਲਸਾ ਸਜ ਸਕਦਾ ਹੈ। ਇਨ੍ਹਾਂ ਸਾਰੇ ਗੁਣਾ ਵਾਲੇ ਖਾਲਸਾ ਰੂਪ ਸਜੇ ਪੰਜ ਸਿੰਘਾਂ ਦਾ ਹੁਕਮ ਸਾਰੇ ਪੰਥ ਉਤੇ ਅਤੇ ਮੇਰੇ ਉਤੇ ਲਾਗੂ ਹੋਵੇਗਾ। ਫਿਰ ਮੈ ਵੀ ਇਨ੍ਹਾਂ ਦਾ ਸੇਵਕ ਹਾਂ। ਬਿਪ੍ਰਨ ਦੀ ਰੀਤ ਜੀਉਣ ਵਾਲੇ ਦੀ ਮੇਰੇ ਪਾਸ ਕੋਈ ਥਾਂ ਨਹੀਂ। ਰਹਿਤ ਰੱਖਣ ਵਾਲਾ ਕੋਈ ਵੀ ਇਸਤਰੀ ਪੁਰਸ਼ ਇਨਾਂ ਰੱਬੀ ਗੁਣਾਂ ਦਾ ਪ੍ਰਣ (ਗੁਰੂ

ਦੀਖਿਆ) ਲੈਣ ਲਈ ਮੇਰੇ ਇਨ੍ਹਾਂ ਪੰਜ ਪਿਆਰਿਆਂ ਦੇ ਸਨਮੁੱਖ ਹੋਕੇ ਸਿੰਘ ਸਜੇ ਅਤੇ ਰਹਿਤ ਦਾ ਧਾਰਨੀ ਬਣਕੇ ਗੁਰੂ ਨੂੰ ਸਦਾ ਆਪਣੇ ਸੰਗ ਪਾਵੈ।

ਦਸ਼ਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਿਆਰ ਭਰੇ ਇਹ ਬਚਨ ਕਿ "ਮੇਰੇ ਪਿਆਰੇ ਸਿੱਖ ਸੇਵਕੋ ਹੁਣ ਮੇਰੇ ਇਨਾਂ ਖਾਲਸਾ ਰੂਪ ਪਿਆਰਿਆਂ ਨੇ ਅਕਾਲ ਪੁਰਖ ਪ੍ਰਤੀ ਆਪਣੇ ਆਪ ਨੂੰ ਸਮ੍ਰਪਣ ਕਰ ਦਿਤਾ ਹੈ। ਹੁਣ ਖਾਲਸੇ ਨੇ ਸੁਆਸ ਸੁਆਸ ਵਾਹਿਗੁਰੂ ਨਾਲ ਜੁੜੇ ਰਹਿਣਾ ਹੈ। ਪਰਉਪਕਾਰੀ ਖਾਲਸਾ ਹੁਣ ਅਕਾਲ ਪੁਰਖ ਦੀ ਆਪਣੀ ਫੌਜ ਹੈ। ਖਾਲਸਾ ਨਿਰਭਉ ਤੇ ਨਿਰਵੈਰ ਹੈ, ਭਾਵ ਨਾ ਕਿਸੇ ਕੋਲੋਂ ਡਰਨਗੇ, ਅਤੇ ਨਾ ਕਿਸੇ ਨੂੰ ਡਰਾਉਣ ਗੇ। ਖਾਲਸਾ ਸੰਤ ਹੈ ਅਤੇ ਖਾਲਸਾ ਸਿਪਾਹੀ ਹੈ।  ਸਾਰੇ ਦੇਸ਼ ਵਾਸੀ ਤੇ ਸਾਰੀ ਮਨੁੱਖਤਾ ਖਾਲਸੇ ਨੂੰ ਆਪਣੇ ਪਰਿਵਾਰ ਦੀ ਤਰਾਂ ਹੈ। ਖਾਲਸਾ ਕਿਸੇ ਦਾ ਵੀ ਦੁਸ਼ਮਨ ਨਹੀਂ.ਪਰ ਜੋ ਵੀ ਸਿਰਜਨ ਹਾਰ ਦੀ ਖਲਕੱਤ ਨੂੰ ਸਤਾਏ ਗਾ, ਤਾਂ ਖਾਲਸੇ ਦਾ ਧਰਮ ਹੈ ਕਿ ਜ਼ੁਲਮ ਨੂੰ ਰੋਕਣ ਲਈ ਉਸ ਨਾਲ ਜੰਗ ਕਰੇ, ਅਤੇ ਅਨਿਆ-ਕਾਰੀ, ਅਤਿਆ-ਚਾਰੀ ਦੁਸ਼ਟ ਜ਼ਾਲਮਾਂ ਦੇ ਸਿਰ ਉਤੇ ਖਾਲਸੇ ਦੀ ਨੰਗੀ ਤਲਵਾਰ ਸਦਾ ਲਟਕਦੀ ਰਹੇ। ਜਦ ਤਕ ਬੇਗੁਨਾਹ ਮਜ਼ਲੂਮਾਂ ਤੇ ਜ਼ੁਲਮ ਹੁੰਦਾ ਰਹੇਗਾ, ਜ਼ਾਲਮਾਂ ਨੂੰ ਸੋਧਣ ਲਈ ਖਾਲਸੇ ਦੇ ਸ਼ਸ਼ਤਰਾਂ ਨੂੰ ਖੂਨ ਲਗਦਾ ਰਹੇ, ਭਾਵ ਮਜ਼ਲੂਮਾਂ ਦੀ ਚੀਖ ਨੂੰ ਖਾਲਸਾ ਕਦੇ ਅਣਸੁਣੀ ਨਾ ਕਰੇ। ਖਾਲਸੇ ਦਾ ਜਨਮ ਸੰਤਾਂ ਨੂੰ ਉਭਾਰਨ ਅਤੇ ਦੁਸ਼ਟਾਂ ਨੂੰ ਮਾਰਨ ਲਈ ਹੋਇਆ ਹੈ। ਖਾਲਸੇ ਨੂੰ ਗੁਰੂ ਸਾਹਿਬ ਦਾ ਆਖਰੀ ਉਦੇਸ਼ ਕਿ ਸਾਬਤ ਸੂਰਤ ਵਿੱਚ ਖਾਲਸਾ ਵਾਹਿਗੁਰੂ ਨਾਲ ਸਦੀਵੀ ਜੁੜਿਆ ਰਹੇ। ਪੰਜ ਪਿਆਰਿਆਂ ਦੇ ਗੁਣਾਂ ਵਾਲੇ ਨਾਮ ਅਤੇ ਪੰਜ ਕਕਾਰਾਂ ਦੇ ਭਾਵ ਨੂੰ ਜੀਵਨ ਦਾ ਜਰੂਰੀ ਅੰਗ ਬਣਾਵੇ। ਪਹਿਲਾ ਕਕਾਰ ਕੱਛ ਖਾਲਸੇ ਦੀ ਜੱਤ ਦੀ ਨਿਸ਼ਾਨੀ ਹੈ। ਪਰਾਈ ਇਸਤਰੀ ਖਾਲਸੇ ਦੀ ਧੀ, ਭੈਣ ਅਤੇ ਮਾਂ ਬਰਾਬਰ ਹੈ। ਖਾਲਸੇ ਦਾ ਕੜਾ ਇਨਸਾਫ ਦੀ ਨਿਸ਼ਾਨੀ ਹੈ। ਜੋ ਸਦਾ ਧਰਮ ਇਮਾਨ ਦਾ ਕੰਮ ਕਰਨ ਗੇ। ਖਾਲਸੇ ਦੀ ਕਿਰਪਾਨ ਸਤੰਤਰਤਾ ਦੀ ਨਿਸ਼ਾਨੀ ਹੈ। ਜੋ ਮਜ਼ਲੂਮਾਂ ਦੀ ਰਖਿਆ ਅਤੇ ਜੋਰ ਜ਼ਬਰ ਨੂੰ ਰੋਕੇਗੀ। ਕੇਸ ਰੱਬੀ ਦਾਤ ਹੈ। ਜਿਸ ਨੂੰ ਗੁਰੂ ਦੀ ਮੋਹਰ ਸਮਝ ਕੇ ਸਿੱਖ ਨੇ ਸੰਭਾਲ ਕਰਨੀ ਹੈ। ਖਾਲਸੇ ਦੇ ਜੀਵਨ ਕਿਰਦਾਰ ਤੋਂ ਗੁਰੂ ਨਾਨਕ ਮਿਸ਼ਨ ਦੀ ਝਲਕ ਨਜ਼ਰ ਆਵੇਗੀ। ਖਾਲਸੇ ਦਾ ਚਿਹਰਾ ਮੋਹਰਾ ਸਾਬਤ ਸੂਰਤ ਦੀ ਸੰਭਾਲ ਲਈ ਕੰਘਾ ਜਰੂਰੀ ਹੈ। ਖਾਲਸੇ ਦਾ ਧਰਮ ਹੈ ਕਿ ਬਿਮਾਰਾਂ ਬਜੁਰਗਾਂ ਅਤੇ ਬੇ ਸਹਾਰਾ ਲੋਕਾਂ ਦੀ ਤਨ ਮਨ ਧਨ ਨਾਲ ਸੇਵਾ ਕਰਕੇ ਸਾਂਝੀ ਭਾਈ-ਵਾਲਤਾ ਦਾ ਮੁਦਈ ਬਣੇ" ਦਸ਼ਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਚੜਦੀ ਕਲਾ ਦੇ ਹਿਰਦੇ ਵੇਧਕ ਬੋਲਾਂ ਨੇ ਸਿੱਖ ਸੰਗਤ ਨੂੰ ਤੜਫਾ ਕੇ ਰੱਖ ਦਿੱਤਾ, ਕਿਉਕਿ ਸਮਾਜ ਦੀ ਸੇਵਾ ਕਰਨ ਵਾਲੇ ਉਹ ਲੋਕ ਜਿਨ੍ਹਾਂ ਨੂੰ ਨੀਚ ਕਮੀਣ ਸਮਝ ਕੇ ਸਵਾਏ ਨਫਰਤ ਦੇ ਕੁਝ ਮਿਲਦਾ ਨਹੀਂ ਸੀ ਅਤੇ ਪਿਛਲੀਆਂ ਕਈ ਸਦੀਆਂ ਤੋਂ ਨਾਈ ਧੋਬੀ ਛੀਂਬੇ ਝੀਵਰ ਤਰਖਾਣ ਚੂੜੇ ਚਮਾਰ ਆਦ ਅਨੇਕ ਜਾਤੀਆਂ ਦੇ ਲੋਕ ਜਿਨ੍ਹਾਂ ਨੂੰ ਉਚੀਆਂ ਜਾਤੀਆਂ ਦੇ ਲੋਕਾਂ ਨੇ ਗੁਲਾਮ ਦੀ ਤਰਾਂ ਸਮਝ ਰਖਿਆ ਸੀ, ਨੀਵੀ ਜਾਤੀ ਸਮਝ ਕੇ ਜਿਨ੍ਹਾਂ ਨੂੰ ਕੋਈ ਪੁਛਦਾ ਨਹੀਂ ਸੀ, ਗੁਰੂ ਦਸ਼ਮ ਪਾਤਸ਼ਾਹ ਨੇ ਪਿਆਰ ਨਾਲ ਇਨਾਂ ਨੂੰ ਆਪਣੀ ਛਾਤੀ ਨਾਲ ਲਾਇਆ। ਦਿਆਲੂ ਕਿਰਪਾਲੂ ਪਿਤਾ ਨੇ ਆਪਣਾ ਸਭ ਕੁਝ ਇਨਾਂ ਨੂੰ ਦੇ ਦਿਤਾ ਅਤੇ ਆਪ ਜੀ ਨੇ ਇਨਾਂ ਅਗੇ ਸੀਸ ਨਿਵਾਇਆ।

ਦਿਆਲੂ ਕ੍ਰਿਪਾਲੂ ਦਸ਼ਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਭਾਵ ਪੂਰਕ ਬੋਲ ਜਦ ਦੂਰ ਦੂਰ ਤਕ ਸਿੱਖ ਸੰਗਤ ਦੇ ਕੰਨਾਂ ਵਿਚ ਪਏ, ਤਾਂ ਫਿਰ ਕਿਆ ਸੀ, ਕਿ ਬੇਹੱਦ ਖੁਸ਼ੀ ਦੇ ਮਾਹੌਲ ਵਿਚ ਕੋਈ ਵੀ ਮਨੁੱਖ ਆਪਣੇ ਹੰਝੂਆਂ ਨੂੰ ਰੋਕ ਨਹੀਂ ਸਕਿਆ? ਸਿੱਖ ਸੇਵਕਾਂ ਦਾ ਹਿਰਦਾ ਖੁਸ਼ੀ ਨਾਲ ਸਮਾਇਆ ਨਹੀਂ ਸੀ ਜਾ ਰਿਹਾ। ਖੁਸ਼ੀ ਦੇ ਵਲਵਲੇ ਤੇ ਪ੍ਰਸੰਨ ਚਿੱਤ ਹਰ ਮਨੁੱਖ (ਇਸਤਰੀ ਅਤੇ ਪੁਰਸ਼) ਪੰਜ ਪਿਆਰਿਆਂ ਦੇ ਸਨਮੁੱਖ ਹੋਣ ਲਈ ਉਤਾਵਲਾ ਸੀ। ਦਿਖਿਆ ਦੀ ਦਾਤ ਦੇਣ ਦਾ ਇਹ ਕਾਰਜ ਭਾਵੇਂ ਰਾਤੀ ਦੇਰ ਤਕ ਚਲਦਾ ਰਿਹਾ, ਪਰ ਗੁਰੂ

ਗੋਬਿੰਦ ਸਿੰਘ ਸਾਹਿਬ ਦੇ ਇਨਾਂ ਭਾਵ ਪੂਰਕ ਬੋਲਾਂ ਦਾ ਵੱਡਾ ਅਸਰ ਮੁਸਲਿਮ ਫਿਰਕੇ ਤੇ ਵੀ ਪਿਆ ਜੋ ਹਕੂਮਤ ਦੀਆਂ ਅਨਿਆ-ਕਾਰੀ ਨੀਤੀਆਂ ਕਾਰਣ ਧਰਮ ਦਾ ਰਾਹ ਭਟੱਕ ਚੁਕੇ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਤਿਧਰਮ ਦੇ ਇਹ ਬੋਲ ਅਤਿਆ-ਚਾਰੀ ਇਸਲਾਮੀ ਹਕੂਮਤ ਲਈ ਵੱਡੀ ਚਣੌਤੀ ਸੀ।

ਮਨੁੱਖੀ ਜਾਮੇਂ ਵਿਚ ਧਰਮ ਦੀ ਹੋਂਦ ਨੂੰ ਪੱਕਿਆਂ ਰੱਖਣ ਲਈ ਪੰਜ ਪਿਆਰਿਆਂ ਦੇ ਪ੍ਰਭਾਵੀ ਨਾਮ ਹੇਠ ਜੋ ਨੇਕ ਸੰਸਕਾਰਾਂ ਦਾ ਵਿਉਂਤ-ਬੰਦੀ ਕੌਤਕ ਦਸ਼ਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਰਚਿਆ, ਧਰਮ ਦੀ ਦੁਨੀਆਂ ਵਿਚ ਇਹ ਕ੍ਰਾਤੀਕਾਰੀ ਕਦਮ ਸੀ ਜਿਸ ਨੇ ਸਿਰਫ ਅਕਾਲ ਪੁਰਖ ਦੇ ਪੁਜਾਰੀ ਪੁਰਸ਼ਾਂ ਨੂੰ ਜਨਮ ਦਿਤਾ। ਜਾਤ ਪਾਤ ਦੇ ਅਭਿਮਾਨੀ ਲੋਕ ਭਾਵੇਂ ਇਸ ਘਟਨਾ ਤੋਂ ਖ਼ੁੱਫ਼ਾ ਹੋਏ, ਪਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦ੍ਰਿਬ ਦ੍ਰਿਸ਼ਟੀ ਵਾਲੇ ਇਸ ਅਗੰਮੀ ਅਨਭਵ ਨੇ ਪਸ਼ੂ ਜੀਵਨ ਜੀਉ ਰਹੇ ਲੋਕਾਂ ਨੂੰ ਸਚਿਆਰੇ ਪੁਰਸ਼ਾਂ ਵਿਚ ਬਦਲ ਦਿਤਾ। ਜੋ ਅਸੰਭਵ ਨੂੰ ਸਭੰਵ ਬਨਾਉਣ ਵਾਲੀ ਇਹ ਕਰਾਮਾਤੀ ਘਟਨਾ ਦੁਨੀਆਂ ਦੇ ਇਤਿਹਾਸ ਵਿਚ ਇਹ ਵੱਡੀ ਮਿਸਾਲ ਪਹਿਲੀ ਵਾਰ ਸੀ।

ਧਰਮ ਦੀ ਦੁਨੀਆਂ ਵਿਚ ਹੁਣ ਤਕ ਦੇ ਗੁਰੂਆਂ ਪੀਰਾਂ ਪੈਗੰਬਰਾਂ ਅਤੇ ਅਵਤਾਰੀ ਪੁਰਸ਼ਾਂ ਦੀਆਂ ਜੀਵਨ ਘਟਨਾਵਾਂ ਵਿਚੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਕਰਨੀਆਂ ਦਾ ਕੋਈ ਸਾਨੀ ਨਹੀਂ, ਜਿਨਾਂ ਨੇ ਖਾਲਸੇ ਦੀ ਸਿਰਜਨਾਂ ਵਿਚ ਰੱਬੀ ਗੁਣਾਂ ਦੀ ਤਸਵੀਰ ਨੂੰ ਖਿਚਿਆ ਅਤੇ ਆਪਣੇ ਅਗੰਮੀ ਅਨੱਭਵ ਰਾਹੀਂ ਕਿਵੇਂ ਅਮਲ ਵਿਚ ਲਿਆਂਦਾ, ਰੱਹਸਿ ਮਈ ਇਕ ਗੁੱਝਾ ਭੇਦ ਹੈ। ਅੰਧੇਰ ਖੰਡ ਦੇ ਵਾਸੀਆਂ ਨੂੰ ਭਾਵੇਂ ਇਹ ਕੌਤਕ ਕਰਾਮਾਤ ਪ੍ਰਤੀਤ ਹੁੰਦਾ ਹੋਵੇ, ਪਰ ਵਾਸਤਵ ਵਿਚ ਇਹ ਵਿਉਂਤ-ਬੰਦੀ ਕੌਤਕ ਗਿਆਨ ਦੀ ਖੇਡ ਸੀ।

ਕੜਵਾ ਸੱਚ ਦੀ ਲੇਖਣੀ ਵਿਚ ਕਟ ਲਈ ਮੁਆਫੀ ਦੇ ਜਾਚਕ ਹਾਂ।

ਅਧਿਆਤਮਿਕ ਨਿਪੁਨੱਤਾ ਤੇ ਪ੍ਰਾਪਤੀ ਦੇ ਮਾਰਗ ਵਿਚ ਜੁਗਿਆਸੂ ਨੂੰ ਨੂੰ ਪੌੜੀ ਦਰ ਪੌੜੀ ਅਤੇ ਪੜਾਅ ਰਾਹੀਂ ਹੀ ਚੜਨਾ ਪਵੇਗਾ। ਇਸ ਕਰਕੇ ਕਿੰਨਾ ਚੰਗਾ ਹੋਵੇ ਜੇਕਰ ਸਭ ਤੋਂ ਪਹਿਲਾਂ ਧਰਮ ਦੀ ਪਰਿਭਾਸ਼ਾ (ਵਿਆਖਿਆ) ਨੂੰ ਸਮਝਿਆ ਜਾਵੇ ।

ਸੰਸਾਰ ਵਿਚ ਆਏ ਹਰ ਗੁਰੂ, ਪੀਰ, ਪੈਗੰਬਰ ਤੇ ਅਵਤਾਰੀ ਪੁਰਸ਼ਾਂ ਨੇ ਮਨੁੱਖ ਜਾਤੀ ਦੇ ਭਲੇ ਲਈ ਜੀਵਨ ਜੀਓਣ ਦੇ ਜੋ ਨਿਯਮ ਬਣਾਏ ਸਨ ਉਨਾਂ ਨਿਯਮਾਂ ਨੂੰ ਧਰਮ ਦਾ ਨਾਮ ਦਿੱਤਾ ਗਿਆ ਹੈ। ਜਿਵੇਂ ਮਹਾਤਮਾਂ ਗੋਤਮ ਬੁਧ ਨੇ ਜੀਵਨ ਜੀਉਣ ਦੇ ਜੋ ਨਿਯਮ ਬਣਾਏ ਸਨ ਉਨਾਂ ਨੂੰ ਬੁਧ ਧਰਮ ਅਤੇ ਇਸੇ ਤਰਾਂ ਹੋਰ ਪੈਗੰਬਰਾਂ ਨੇ ਮਨੁੱਖ ਦੇ ਭਲੇ ਲਈ ਜੀਵਨ ਜੀਉਣ ਦੇ ਜੋ ਜੋ ਨਿਯਮ ਬਣਾਏ ਸਨ ਧਰਮ ਦੇ ਨਾਮ ਨਾਲ ਪ੍ਰਚਲਤ ਹਨ। ਸਭ ਤੋਂ ਨਵੇਂ ਮੱਤ ਦੇ ਸੰਪਦਕਾਂ ਨੇ ਮਨੁੱਖ ਨੂੰ ਜੀਵਨ ਜੀਉਣ ਦੀ ਜੋ ਸਿਖਿਆ ਦਿੱਤੀ ਹੈ ਉਸ ਨੂੰ ਸਿੱਖ ਧਰਮ ਕਿਹਾ ਗਿਆ ਹੈ।

ਗੁਰੂ ਨਾਨਕ ਸਾਹਿਬ ਨੇ ਧਰਮ ਸਬਦ ਦੀ ਪਹਿਲੀ ਵਰਤੋਂ ਜਪੁ ਜੀ ਸਾਹਿਬ ਦੀ ਚੌਦਵੀ ਪੌੜੀ ਵਿਚ ਕੀਤੀ ਹੈ। ਜਿਸ ਵਿਚ ਗੁਰੂ ਨਾਨਕ ਸਾਹਿਬ ਨੇ ਸਿਰਫ਼ ਏਨਾਂ ਇਸ਼ਾਰਾ ਕੀਤਾ, ਕਿ ਹਰੀ ਦਾ ਚਿੰਤਨ (ਮਨੰਨ) ਕਰਨ ਵਾਲੇ ਦੇ ਰਾਹ ਨੂੰ ਸੰਸਾਰ ਦੇ ਫੁਰਨੇ ਅਤੇ ਇਛਾਵਾਂ ਕਦੇ ਰੋਕ ਨਹੀਂ ਸਕਦੀਆਂ। ਸੱਚੇ ਦਰ ਪ੍ਰਵਾਨ ਉਪਰੰਤ ਭਗਤ ਰੂਪ ਵਿਚ ਪ੍ਰਗਟ ਹੋ ਜਾਣਾ ਹੈ। ਹਰੀ ਦਾ ਚਿੰਤਨ ਕਰਨ ਵਾਲੇ ਨੇ ਜੀਵਨ ਜੀਉਣ ਦੇ ਨਿਯਮ (ਧਰਮ) ਦੀ ਪਾਲਨਾ ਵਿਚ (ਨਾਮ ਤੇ ਨਾਮੀ ਦੀ ਅਭੇਦਤਾ) ਚਿੰਤਕ ਨੇ ਸਚਿਆਰਾ ਰਾਹ ਸਿਰਜ ਜਾਣਾ ਹੈ।

ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥
ਮੰਨੈ ਮਗੁ ਨ ਚਲੈ ਪੰਥੁ॥ ਮੰਨੈ ਧਰਮ ਸੇਤੀ ਸਨਬੰਧੁ॥ ਜਪੁ ਜੀ ਸਾਹਿਬ,

ਧਰਮ ਸਬਦ ਦੀ ਦੂਸਰੀ ਵਰਤੋਂ ਗੁਰੂ ਨਾਨਕ ਸਾਹਿਬ ਨੇ ਜਪੁ ਜੀ ਸਾਹਿਬ ਦੀ ਸੋਲਵੀਂ ਪੌੜੀ ਵਿਚ ਕੀਤੀ। ਜਿਸ ਵਿਚ ਕਰਤੇ ਦੀਆਂ ਬੇ-ਸ਼ੁਮਾਰ ਕਰਨੀਆਂ ਦੇ ਭੇਦਾਂ ਦੀ ਗਲ ਅਤੇ ਧਰਮ ਰੂਪੀ ਬੈਲ ਨੇ ਧਰਤੀ ਦੇ ਬੋਝ ਨੂੰ ਆਪਣੇ ਉਪਰ ਉੱਠਾ ਰੱਖਣ ਦਾ ਜਿਕਰ ਹੈ।

ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

ਗੁਰੂ ਨਾਨਕ ਸਾਹਿਬ ਦੇ ਬਚਨਾਂ ਅਨੁਸਾਰ ਸ੍ਰਿਸ਼ਟੀ ਅਤੇ ਸਸੰਾਰ ਦੀ ਸਾਰੀ ਖੇਡ ਨੂੰ ਕਰਤੇ ਦੀ ਦਯਾ ਨੇ ਪ੍ਰਕਿਰਤੀ ਦੇ ਨਿਯਮ (ਧਰਮ) ਵਿਚ ਬੱਝ ਰੱਖਿਆ ਹੈ। ਭਾਵ ਦਯਾ ਧਰਮ ਦੀ ਜਨਮ ਦਾਤਾ ਹੈ। ਪ੍ਰਕਿਰਤੀ ਦੇ ਨਿਯਮ (ਧਰਮ) ਨੇ ਸ੍ਰਿਸ਼ਟੀ ਦੇ ਸਾਰੇ ਕਾਰਜਾਂ ਨੂੰ (ਹੋਰ ਧਰਤੀਆਂ) ਇਕ ਡੋਰੀ ਵਿਚ ਪਰੋਅ ਰਖਿਆ ਹੈ। ਪ੍ਰਕਿਰਤੀ ਦਾ ਨਿਯਮ (ਧਰਮ) ਸ੍ਰਿਸ਼ਟੀ ਦੇ ਕਾਰਜਾਂ ਲਈ ਇਕੋ ਇਕ ਸਹਾਰਾ ਹੈ। ਹੋਰ ਕੋਈ ਸਹਾਰਾ ਨਹੀਂ। ਇਸ ਭੇਦ ਨੂੰ ਕੋਈ ਸਚਿਆਰਾ ਹੀ ਬੁੱਝ ਸਕਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਨਿਯਮ ਨੂੰ ਇਸ ਤਰਾਂ ਸਹੀ ਠਹਿਰਾਇਆ ਹੈ ਕਿ ਜਨਮ ਦੇਣ ਅਤੇ ਪਾਲਨ ਪੋਸਨ ਵਾਲੇ ਦੀ ਦਯਾ ਦੇ ਸੁਭਾਉ ਅਨੁਸਾਰ, ਲਕੜੀ ਨੂੰ ਪਾਣੀ ਕਦੇ ਡੋਬਦਾ ਨਹੀਂ, ਕਿਉਕਿ ਲਕੜੀ ਨੂੰ ਪਾਣੀ ਨੇ ਪਾਲਿਆ ਹੁੰਦਾ ਹੈ।

ਪਾਣੀ ਕਾਠੁ ਨਾ ਡੋਬਈ ਪਾਲੈ ਕੀ ਲਜੈ। ਵਾਰ ਭਾਈ ਗੁਰਦਾਸ ਜੀ।

ਮਾਨਵ ਜਾਤੀ ਦੇ ਭਲੇ ਲਈ ਇਸੇ ਪੌੜੀ ਵਿਚ ਅਗੇ ਜਾਕੇ ਧਰਮ ਦਾ (ਨਿਯਮ) ਹੋਰ ਬਰੀਕੀ ਅਤੇ ਵਿਸਥਾਰ ਨਾਲ ਖੁਲਾਸਾ ਕੀਤਾ ਹੈ, ਤਾਂ ਜੋ ਸਤਿਧਰਮ ਦਾ ਮਾਰਗ ਹੋਰ ਸਵੱਲਾ ਅਤੇ ਪੂਰੀ ਤਰ੍ਹਾਂ ਸਮਝ ਆ ਜਾਵੇ। ਭਵਜਲ ਵਿਚ ਜਲਥਲ ਦੇ ਬੇਅੰਤ ਜੀਵ ਜੰਤੂ ਜਿਨ੍ਹਾਂ ਵਿਚ ਇਕ ਇਕ ਜੀਵ ਕਿੱਨੀਆਂ ਕਿੱਨੀਆਂ ਕਿਸਮਾਂ ਦੇ ਹਨ, ਕਿੱਨੀਆਂ ਨਸਲਾਂ ਅਤੇ ਕਿਨੇ ਰੰਗਾਂ ਦੇ ਹਨ। ਭਾਵ ਇਨਾਂ ਬੇਅੰਤ ਜੀਵ ਜੰਤੂਆਂ ਦੀਆਂ ਨਸਲਾਂ ਕਿਸਮਾਂ ਅਤੇ ਰੰਗਾਂ ਦਾ ਕੋਈ ਹਿਸਾਬ ਨਹੀਂ। ਜਿਵੇਂ ਤੋਤੇ ਦੀਆਂ ਕਿੱਨੀਆਂ ਨਸਲਾਂ ਕਿਸਮਾਂ ਅਤੇ ਕਿੰਨੇ ਰੰਗ ਦੇ ਹਨ, ਜੇਕਰ ਇਕ ਇਕ ਜੀਵ ਦਾ ਲੇਖਾ ਜੋਖਾ ਲਿਖਣਾ ਹੋਵੇ, ਤਾਂ ਬੇਅੰਤ ਗ੍ਰੰਥ ਵੀ ਘਟ ਪੈ ਜਾਣਗੇ, ਸਾਰੇ ਸਮੁੰਦਰਾਂ ਦੀ ਸਿਆਹੀ ਵੀ ਘਟ ਪੈ ਜਾਵੇਗੀ। ਇਨਾਂ ਜੀਵ ਜੰਤੂਆਂ ਦਾ ਲੇਖਾ ਜੋਖਾ ਕਰਤੇ ਦੇ ਨਿਯਮ (ਪ੍ਰਕਿਰਤੀ) ਅਨੁਸਾਰ ਆਪਣੇ ਆਪ ਹੀ ਹੁੰਦਾ ਹੈ।

ਜੀਅ ਜਾਤਿ ਰੰਗਾ ਕੇ ਨਾਵ. ਸਭਨਾ ਲਿਖਿਆ ਵੁੜੀ ਕਲਾਮ॥
ਏਹੁ ਲੇਖਾ ਲਿਖਿ ਜਾਣੈ ਕੋਇ. ਲੇਖਾ ਲਿਖਿਆ ਕੇਤਾ ਹੋਇ॥

ਗੁਰੂ ਨਾਨਕ ਸਾਹਿਬ ਨੇ ਨਾਲ ਲਗਦੇ ਅਗਲੀ ਪੌੜੀ ਵਿਚ ਧਰਮ ਦੀ ਦੋ ਵਾਰੀ ਵਰਤੋਂ ਕਰਕੇ ਧਰਮ ਦੀ ਅਹਿਮੀਅਤ ਨੂੰ ਹੋਰ ਵੀ ਅਗੇ ਵਧਾਇਆ। ਭਾਵੇ ਪਰਮ-ਤੱਤ ਪਾਰਬ੍ਰਹਮ ਨੂੰ ਕਰਤਾ ਜਾਣ ਕੇ ਸਾਰੇ ਹੀ ਉਸ ਦੇ ਗੁਣ ਗਾਉਂਦੇ ਹਨ ਪਰ ਇਸ ਪੌੜੀ ਵਿਚ ਧਰਮ ਨੂੰ ਰਾਜੇ ਦਾ ਦਰਜਾ ਦੇਕੇ ਬਾਕੀਆਂ ਨੂੰ ਧਰਮ ਦੇ ਅਧੀਨ ਕਰ ਦਿਤਾ। ਲੇਖਾ ਲਿਖਣ ਵਾਲੇ ਚਿਤ੍ਰ ਗੁਪਤ ਦੇ ਲੇਖੇ ਨੂੰ ਵੀ ਧਰਮ ਹੀ ਵਾਚਦਾ ਹੈ।

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ, ਗਾਵੈ ਰਾਜਾ ਧਰਮੁ ਦੁਆਰੇ, ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ, ਪੌੜੀ 27 ਵੀਂ ਜਪੁ ਜੀ ਸਾਹਿਬ॥

ਇਥੇ ਇਹ ਵੀ ਜਿਕਰ ਯੋਗ ਹੈ ਕਿ ਗਿਆਨ ਖੰਡ ਰੋਸਨੀ ਦਾ ਇਕ ਐਸਾ ਪੜਾਅ ਹੈ, ਜਿਥੇ ਮਨੁੱਖ ਨੂੰ ਅਸਲ ਨਕਲ ਦਾ, ਸੱਚ ਝੂਠ ਦਾ ਪਤਾ ਲਗ ਜਾਂਦਾ ਹੈ। ਕੱਚੇ ਪੱਕੇ ਦੀ, ਦੋਸਤ ਦੁਸ਼ਮਣ ਦੀ ਅਤੇ ਖਰੇ ਖੋਟੇ ਦੀ ਪਛਾਣ ਹੋ ਜਾਂਦੀ ਹੀ। ਗਿਆਨ ਖੰਡ ਇਕ ਐਸਾ ਪੜਾਅ ਹੈ ਜਿਥੇ ਭਵੀਖ ਦੀਆਂ ਚਣੌਤੀਆਂ ਨਾਲ ਭਿੜਨ ਦੀ ਜਾਚ ਆ ਜਾਂਦੀ ਹੈ। ਸਿਰਫ ਗਿਆਨ ਦੀ ਅਵਸਥਾ ਵਿਚ ਹੀ ਮਨ ਦੀ ਤ੍ਰਿਸ਼ਨਾ ਅਤੇ ਵਿਕਾਰਾਂ ਉਤੇ ਕਾਬੂ ਪਾਇਆ ਜਾ ਸਕਦਾ ਹੈ। ਗਿਆਨ ਖੰਡ ਵਿਚ ਕਰਤੇ ਦੀਆਂ ਸ਼ਕਤੀਆਂ ਦਾ ਗਿਆਨ ਹੋ ਜਾਂਦਾ ਹੈ ਅਤੇ ਪ੍ਰਕਿਰਤੀ ਦੁਆਰਾ

ਜੀਵਾਂ ਨੂੰ ਆਵਾਗਉਣ ਦੀਆਂ ਜੂਨੀਆਂ ਵਿਚ ਬਦਲਣ ਦੀ ਸਮਝ ਆ ਜਾਂਦੀ ਹੈ। ਗਿਆਨ ਖੰਡ ਦੇ ਪੜਾਅ ਅਪੱੜ ਕੇ ਮਨੁੱਖ ਨੂੰ ਧਰਮਸਾਲ ਦੇ ਕਰਮ-ਕਾਂਡਾਂ ਤੌਂ ਛੁਟਕਾਰਾ ਮਿਲ ਜਾਂਦਾ ਹੈ। ਭਾਵ ਜੁਗਿਆਸੂ ਨੇ ਧਰਮਸਾਲ ਤੋਂ ਪੂਰੀ ਤਰਾਂ ਨਿਖੜ ਜਾਣਾ ਹੁੰਦਾ ਹੈ ਅਤੇ ਅਵਾਗਉਣ ਦੇ ਇਕ ਵਾਰੀ ਬੰਧਨ ਟੁਟ ਜਾਂਦੇ ਹਨ। ਗਿਆਨ ਦਾ ਪਾਤਰ ਬਣਨ ਉਪਰੰਤ ਹੀ ਮਨ ਦੀ ਭਟਕਣ ਮੁੱਕ ਸਕਦੀ ਹੈ ਅਤੇ ਮਨ ਟਿੱਕਾ ਵਿਚ ਆ ਸਕਦਾ ਹੈ। ਧਰਮ ਸਾਲ (ਧਰਮ ਖੰਡ) ਦਾ ਪੜਾਅ ਬੜਾ ਹੀ ਕੱਠਨ ਤੇ ਬੜੀ ਮੇਹਨਤ ਵਾਲਾ ਹੈ, ਜਿਥੇ ਮਨੁੱਖ ਨੇ ਜੀਵਨ ਜੀਊਣ ਦੇ ਨਿਯਮਾਂ ਦੀ ਪੱਕੇ ਤੌਰ ਤੇ ਪਾਲਨਾ ਕਰਨੀ ਹੁੰਦੀ ਹੈ। ਗਿਆਨ ਦੀ ਅਵਸਥਾ ਵਿਚ ਹੀ ਹਉਮੇ ਅਤੇ ਸੰਸਾਰ ਦੇ ਮਾਇਆ ਰੂਪੀ ਪਦਾਰਥਾਂ ਤੇ ਪੂਰੀ ਤਰਾਂ ਕਾਬੂ ਪਾਇਆ ਜਾ ਸਕਦਾ ਹੈ। ਭਾਵੇਂ ਗੁਰੂ ਨਾਨਕ ਸਾਹਿਬ ਨੇ ਸਾਰੇ ਖੰਡਾਂ ਨੂੰ ਕਰੜਾ ਸਾਰ ਦਾ ਨਾਮ ਦਿਤਾ ਹੈ, ਪਰ ਅੰਧਰੇ ਖੰਡ ਵਿਚੋਂ ਨਿਕਲਨਾ ਸਭ ਤੋਂ ਜਿਆਦਾ ਔਖੀ ਘਾਟੀ ਹੈ, ਜਿਥੇ ਜੁਗਿਆਸੂ ਨੇ ਜੀਵਨ ਦੇ ਸਾਰੇ ਕਾਰਜਾਂ ਨੂੰ ਇਕ ਨਿਯਮ (ਧਰਮ) ਵਿਚ ਰਹਿਕੇ ਕਰਨੇ ਹਨ। ਉਧਾਰਣ ਵਜੋਂ- ਜਿਵੇਂ ਬੋਝ ਨਾਲ ਭਰੇ ਗੱਡੇ ਨੂੰ ਬੈਲਾਂ ਨੇ ਰੇਤੇ ਦੇ ਮਾਰੂ ਥੱਲ ਵਿਚੋਂ ਕਢਣਾ ਹੋਵੇ।

ਧਰਮ ਦੀ ਅਸਲ ਸੱਚਾਈ ਦਾ ਗੁਰੂ ਨਾਨਕ ਸਾਹਿਬ ਨੇ ਜਿਸ ਬਰੀਕੀ ਨਾਲ ਖੁਲਾਸਾ ਕੀਤਾ ਹੈ, ਬੜੇ ਹੀ ਧਿਆਨ ਨਾਲ ਸਮਝਣ ਯੋਗ ਹੈ। ਜੁਗਿਆਸੂ ਨੂੰ ਇਹ ਵੀ ਕਦੇ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਉਸ ਨੂੰ ਕਿਸੇ ਗੁਰੂ, ਪੀਰ, ਪੈਗਗੰਬਰ ਨੇ ਬਾਂਹ ਤੋਂ ਪਕੜ ਕੇ ਜੰਨਤ, ਸਵਰੱਗ, ਹੈਵਨ ਯਾ ਸੱਚ ਖੰਡ ਵਿਚ ਬਿਰਾਜ ਮਾਨ ਕਰ ਦੇਣਾ ਹੈ? ਇਹ ਪੈਂਡਾ ਤਾਂ ਜੁਗਿਆਸੂ ਨੂੰ ਆਪ ਹੀ ਤਹਿ ਕਰਨਾ ਪਵੇਗਾ।

ਇਹ ਇਕ ਕੜਵੀ ਸੱਚਾਈ ਹੈ ਕਿ ਮਨੁੱਖ ਨੂੰ ਪਸ਼ੂ ਜੀਵਨ ਜੀਉਣਾ ਤਾਂ ਪ੍ਰਵਾਨ ਹੈ, ਪਰ ਗਿਆਨ ਦਾ ਪਾਤਰ ਬਣਨ ਲਈ ਕੜਵੇ ਬੋਲ ਸੁਣਨਾ ਗਵਾਰ ਨਹੀਂ। ਧਰਮਸਾਲ ਪੱੜਾ ਦੀ ਘੁਮਣ-ਘੇਰੀ ਦੇ ਇਸ ਪੁਸਤਕ ਦੇ ਕੁਲ ਪੰਨਿਆਂ ਤਕ ਅਚੇਤ ਜੀਵਨ ਜੀਊਣ ਵਾਲਿਆਂ ਦਾ ਸੱਫਰ ਮੁੱਕ ਜਾਂਦਾ ਹੈ, ਕਿਉਕਿ ਐਸੇ ਲੋਕ ਇਹ ਸਮਝਣਾ ਨਹੀਂ ਚਾਹੁੰਦੇ ਕਿ ਅੱਖਰੀ ਗਿਆਨ ਤੇ ਰਬੀ ਗਿਆਨ ਦਾ ਅੰਤਰ ਜਮੀਨ-ਅਸਮਾਨ ਦਾ ਹੈ, ਦਿਨ ਰਾਤ ਦਾ ਹੈ। ਜਿਵੇਂ ਕਿਸੇ ਮਨੁੱਖ ਨੇ ਆਪਣੀ ਮੰਜਲ ਦਿਨ ਦੀ ਰੋਸ਼ਨੀ ਵਿਚ ਚਲਕੇ ਤਹਿ ਕਰਨੀ ਹੋਵੇ ਅਤੇ ਕਿਸੇ ਨੂੰ ਰਾਤ ਦੇ ਘੁੱਪ ਹਨੇਰੇ ਵਿਚ ਮੰਜਲ ਲਈ ਭਟਕਦਾ ਪਵੇ। ਇਸ ਸ੍ਰੈਣੀ ਨੂੰ ਇਕ ਗਲ ਤਾਂ ਪੱਕੇ ਤੌਰ ਤੇ ਸਮਝ ਲੈਣੀ ਚਾਹੀਦੀ ਹੈ ਕਿ ਜੇਕਰ ਕੋਈ ਮਨੁੱਖ ਆਪਣੇ ਜੀਵਨ ਵਿਚ ਗਿਆਨ ਦਾ ਪਾਤਰ (ਗਿਆਨ ਖੰਡ) ਨਹੀਂ ਬਣ ਸਕਿਆ, ਤਾਂ ਸਮਝੋ ਕਿ ਧਰਮ ਦੇ ਨਾਮ ਤੇ ਕੀਤੇ ਸਾਰੇ ਕੰਮ (ਧਰਮ ਗ੍ਰੰਥਾਂ ਦਾ ਪਾਠ ਕਰਨਾ, ਪੁਨ ਦਾਨ ਕਰਨਾ, ਸੇਵਾ ਕਰਨੀ, ਧਰਮ ਯਾਤਰਾ ਆਦਿ ਆਦਿ ਕਰਨਾ) ਵਿਆਰਥ ਹੀ ਹਨ। ਨਮੋਸ਼ੀ ਤੋਂ ਇਲਾਵਾ ਕੁਝ ਪਲੈ ਪੈਣ ਵਾਲਾ ਨਹੀਂ। ਇਹ ਸਭ ਕੁਝ ਮਨੁੱਖੀ ਜਾਮੇਂ ਵਿਚ ਪਸ਼ੂ ਜੀਵਨ ਜੀਉਣ ਬਰਾਬਰ ਹੈ। ਮਨੁੱਖ ਭਾਵੇ ਦਿਨ ਰਾਤ ਭਾਵੇਂ ਪੂਰਾ ਜੀਵਨ ਸਵਾਸ ਸਵਾਸ ਧਰਮ ਗ੍ਰੰਥਾਂ ਨੂੰ ਪੜਦਾ ਰਹੇ, ਪਰ ਇਹ ਸਭ ਕੁਝ ਹਨੇਰੇ ਚ ਭਟਕਣ ਬਰਾਬਰ ਹੈ, ਜੇਕਰ ਇਸ ਗਲ ਚ ਸ਼ੰਕਾ ਹੈ ਤਾਂ ਕਮ ਸੇ ਕਮ ਜਗਿਆਸੂ ਲੋਕਾਂ ਨੂੰ ਗੁਰੂ ਸਾਹਿਬਾਨ ਦੇ ਇਨਾਂ ਬਚਨਾ ਉਤੇ ਤਾਂ ਭਰੋਸਾ ਤਾਂ ਕਰਨਾ ਚਾਹੀਦਾ ਹੈ?

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥ ਅੰਗ 467

ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ॥ ਅੰਗ 32

ਗਿਆਨੇ ਕਾਰਣ ਕਰਮ ਅਭਿਆਸ ॥

ਗਿਆਨ ਭਇਅ ਤ ਕਰਮਹੁ ਨਾਸ॥ ਅੰਗ 1167 ਗੁਰੂ ਗ੍ਰੰਥ ਸਾਹਿਬ,

ਕੜਵਾ ਸੱਚ ਦੇ ਪਹਿਲੇ ਭਾਗ ਦਾ 25% ਹਿੱਸਾ,

ਅਗੇ ਚਲਦਾ#

ਜਗਦੀਸ਼ ਸਿੰਘ ਕੋਟਲੀ

# ਨੋਟ

ਖਾਲਸਾ ਪੰਥ ਦੇ 300 ਸਾਲਾ ਸਿਰਜਨਾ ਦਿਵਸ ਸਮੇਂ ਅਗਿਆਨੀ ਮਨਮਤੀਆਂ ਨੇ ਆਪਣੀ ਵਾਹੁ-ਵਾਹੁ ਅਤੇ ਸਿੱਖ ਸੇਵਕਾਂ ਦੀ ਪ੍ਰਸੰਤਾ ਪ੍ਰਾਪਤ ਕਰਨ ਲਈ ਖਾਲਸਾ ਪੰਥ ਦੀ ਸਿਰਜਨਾ ਨੂੰ ਕਰਾਮਾਤੀ ਰੰਗ ਵਿਚ ਰੰਗਣ, ਮਨ-ਘੜਤ ਬਨਾਵਟੀ ਢੰਗ ਨਾਲ ਗੁਰੂ ਇਤਿਹਾਸ ਨੂੰ ਭੰਬਲ ਭੁਸੇ ਵਿਚ ਪਾਉਣ ਅਤੇ ਦਸ਼ਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਕਰਨੀਆਂ ਤੇ ਕੁਰਬਾਨੀਆਂ ਨੂੰ ਘਟਾਅ ਦਾ ਚਿੰਨ ਲਾਉਣ ਦੇ ਯਤਨ ਵਿਚ ਲਗੇ ਰਹੇ। ਜਿਸ ਕਾਰਣ ਪੁਸਤਕ ਕੜਵਾ ਸੱਚ ਵਿਚ ਦਸ਼ਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਖਾਲਸਾ ਪੰਥ ਦੀ ਸਿਰਜਨਾ ਦੇ ਹਿੱਸੇ ਨੂੰ ਛਾਪਣਾ ਜਰੂਰੀ ਬਣ ਗਿਆ ਸੀ। ਕੜਵਾ ਸੱਚ ਦੇ (ਧਰਮ ਦੀ ਵਿਆਖਿਆ ਅਤੇ ਸੱਚ ਦਾ ਮਾਰਗ) ਅਗਲੇ ਹਿਸੇ ਨੂੰ ਮਿਸ਼ਨ 2 ਭਾਗਾਂ ਵਿਚ ਪੜ ਸਕਦੇ ਹੋ।

**ਨਵ ਯੁਗ ਚੇਤਨਾ ਸਮਾਜ**

**Web Site : NavYugChetnaSamaj.com**

**EmailAddress: JsKotli@NavYugChetnaSamaj.com**

**Address:**
**1718/4 Gobind Puri Extn. Kalka Ji,**
**New Delhi - 110019**

**Phone: Delhi – 011 - 26023561**